ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

DEC 1991

ਵਾਹਿਗੁਰੂ

ਦਸੰਬਰ ੧੯੯੧

www.AKJ.Org

## ਤ ਤ ਕ ਰਾ


| | | |
|---|---|---|
| ਪੋਖਿ ਤੁਖਾਰੁ ਨ ਵਿਆਪਈ | ੩ | ਬਾਰਹਮਾਹਾ ਮਾਝ ਮਹਲਾ ੫ |
| ,, ,, ,,—ਅਰਥ ਵਿਆਖਿਆ | ੪ | — — |
| ਅਜੱਪਾ ਜਾਪ ਤੇ ਅਕੱਥ ਕਥਾ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅਮਰ ਸ਼ਹਾਦਤ | ੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| 'ਸ਼ਹਾਦਤ' ਸਿੰਘਾਂ ਦਾ ਵਿਰਸਾ ਹੈ | ੧੩ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਅਦੁਤੀ ਸ਼ਹਾਦਤ | ੧੫ | ਸ: ਜਸਵੰਤ ਸਿੰਘ ਜੀ 'ਅਜੀਤ' |
| ਸਿਖ ਸ਼ਹਾਦਤਾਂ ਦੀ ਵਿਲੱਖਣਤਾ | ੧੭ | ਡਾਕਟਰ ਸ਼ਮਸ਼ੇਰ ਸਿੰਘ ਜੀ |
| ਗੁਰੂ ਨਾਨਕ ਦੇਵ ਜੀ ਦੀ ਪਦਵੀ | ੨੦ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਆਰੋਗ ਕੰਚਨ ਦੇਹੀ | ੨੩ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਸ਼ਹੀਦੀਆਂ ਸਾਹਿਬਜ਼ਾਦੇ (ਦੋ ਕਵਿਤਾਵਾਂ) | ੨੯ | ਸ: ਅਤਰ ਸਿੰਘ ਜੀ ਨੀਰ |
| ਭੂਰਿਆਂ ਵਾਲੇ ਰਾਜੇ ਕੀਤੇ (੨੧) | ੩੧ | ਕੈਪਟਿਨ ਸਵਰਨ ਸਿੰਘ ਜੀ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਵਸਤੂ | ੩੬ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਭਾਈ ਹਰਜਿੰਦਰ ਸਿੰਘ ਜੀ ਖਾਲਸਾ ਚਲ ਵਸੇ | ੩੭ | ਭਾਈ ਜਸਬੀਰ ਸਿੰਘ ਜੀ ਬੀਰ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੯ ਦਸੰਬਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ੧੧ ਦਸੰਬਰ
ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ) ੨੩ ਦਸੰਬਰ ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) ੨੭ ਦਸੰਬਰ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੋਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬ ਜ਼ਿਲਾ ਸੰਗਰੂਰ—ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੨-੧੨-੯੧ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

| Foreign | Subscription |
|---|---|
| Sea Mail | 50-00 |
| Air Mail | 150-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੫ ਦਸਬਰ ੧੯੯੧ ਅੰਕ ੧੨

## ਪੋਖਿ ਤੁਖਾਰੁ ਨ ਵਿਆਪਈ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

[ਬਾਰਹਮਾਹਾ ਮਾਝ ਮਹਲਾ ੫


www.AKJ.Org

# ਪੋਹ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ**—ਪੋਖਿ-ਪੋਹ ਮਹੀਨੇ ਵਿਚ। ਤੁਖਾਰੁ—ਪਾਲਾ,ਠੰਢ, ਬਰਫ਼। ਨ ਵਿਆਪਈ-ਨਹੀਂ ਪੋਂਹਦੀ। **ਕੰਠਿ—ਗਲ ਨਾਲ**। ਨਾਹੁ—ਪਤੀ ਪਰਮੇਸ਼ਰ। ਬੇਧਿਆ—ਵਿੰਨ੍ਹਿਆ ਜਾਂਦਾ ਹੈ। ਚਰਨਾਰਬਿੰਦ-ਚਰਨ ਕਮਲਾਂ ਨਾਲ। **ਦਰਸਨਿ**—ਦਰਸ਼ਨ ਵਿਚ। ਸਾਹੁ—ਸਵਾਸ। ਓਟ—ਆਸਰਾ। ਲਾਹੁ—ਲਾਭ। ਬਿਖਿਆ—ਬਿਖ ਰੂਪ ਮਾਇਆ। ਸਾਧੂ—ਸਤਿਗੁਰੂ। ਗੁਣ ਗਾਹੁ—ਗੁਣਾਂ ਦੀ ਡੂੰਘਿਆਈ। ਜਹ ਤੇ ਉਪਜੀ-ਜਿਸ ਪ੍ਰਭੂ ਤੋਂ ਉਤਪੰਨ ਹੋਈ। ਸਮਾਹੁ—ਸਮਾਈ, ਲੀਨਤਾ। ਕਰੁ ਗਹਿ ਲੀਨੀ—ਹੱਥ ਫੜ ਕੇ ਅਪਣਾਅ ਲਈ। ਪਾਰਬ੍ਰਹਮਿ—ਪ੍ਰਭੂ ਨੇ। ਬਹੁੜਿ—ਮੁੜ, ਫਿਰ। ਬਾਰਿ-ਵਾਰਨੇ। ਬੇਰੀਆ—ਵਾਰੀ। ਅਗਮ ਅਗਾਹੁ-ਅਪਹੁੰਚ ਤੇ ਅਥਾਹ ਪ੍ਰਭੂ। ਸਰਮ ਪਈ—ਇੱਜ਼ਤ ਰਖਣੀ ਪਈ। ਦਰਿ—ਦਰ ਉਤੇ। ਸੁਹੰਦਾ—ਸੋਹਣਾ ਲਗਦਾ ਹੈ।

**ਅਰਥ**—(ਉਸ ਜੀਵ-ਇਸਤ੍ਰੀ ਨੂੰ) ਪੋਹ ਦੇ ਮਹੀਨੇ ਵਿਚ ਠੰਢ ਨਹੀਂ ਵਿਆਪ ਸਕਦੀ ਜਿਸ ਦੇ ਗਲ (ਹਿਰਦੇ) ਨਾਲ ਹਰੀ ਪ੍ਰਭੂ-ਪਤੀ ਲਗਾ ਹੁੰਦਾ ਹੈ, (ਕਿਉਂਕਿ ਉਸ ਗੁਰਮੁਖਿ ਜੀਵ-ਇਸਤ੍ਰੀ ਦਾ) ਮਨ ਪ੍ਰਭੂ ਦੇ ਚਰਨ-ਕੰਵਲਾਂ ਵਿਚ ਵਿੰਨ੍ਹਿਆ ਹੁੰਦਾ ਹੈ ਅਤੇ ਉਸ ਦਾ ਇਕ ਇਕ ਸਵਾਸ ਪ੍ਰਭੂ-ਦਰਸ਼ਨਾਂ ਵਿਚ ਲਗਾ ਹੁੰਦਾ ਹੈ।

(ਉਸ ਗੁਰਮੁਖਿ ਜੀਵ-ਇਸਤ੍ਰੀ ਨੂੰ) ਗੋਪਾਲ ਗੋਬਿੰਦ ਪ੍ਰਭੂ ਦੀ ਓਟ ਹੁੰਦੀ ਹੈ ਅਤੇ (ਉਸ ਨੇ ਆਪਣੇ) ਸੁਆਮੀ ਪ੍ਰਭੂ ਦੀ (ਨਾਮ-ਸਿਮਰਨ ਦੀ) ਸੇਵਾ ਦਾ ਲਾਭ ਹੀ ਖਟਿਆ ਹੁੰਦਾ ਹੈ। ਉਸ ਨੂੰ ਬਿਖ ਰੂਪ ਮਾਇਆ ਪੋਹ ਨਹੀਂ ਸਕਦੀ, ਕਿਉਂਕਿ ਉਸ ਨੇ ਸਾਧੂ-ਸਤਿਗੁਰੂ ਨੂੰ ਮਿਲ ਕੇ ਵਾਹਿਗੁਰੂ-ਜਸ ਦੇ ਗੁਣਾਂ ਵਿਚ ਚੁਭੀ ਲਾਈ ਹੁੰਦੀ ਹੈ। (ਉਹ ਗੁਰਮੁਖਿ ਇਸਤ੍ਰੀ) ਜਿਸ ਪ੍ਰਭੂ ਤੋਂ ਉਪਜੀ ਹੈ, ਉਸੇ ਵਿਚ ਮਿਲੀ ਰਹਿੰਦੀ ਹੈ ਅਤੇ ਸੱਚੀ ਪ੍ਰੀਤ ਵਿਚ ਉਸ ਦੀ ਲੀਨਤਾ ਹੋਈ ਹੁੰਦੀ ਹੈ।

ਪਾਰਬ੍ਰਹਮ-ਪ੍ਰਭੂ (ਉਸ ਗੁਰਮੁਖਿ ਜੀਵ-ਇਸਤ੍ਰੀ ਦਾ) ਹੱਥ ਫੜ ਕੇ ਉਸ ਨੂੰ ਐਸਾ ਅਪਣਾਅ ਲੈਂਦਾ ਹੈ, ਆਪਣੇ ਨਾਲ ਮੇਲ ਲੈਂਦਾ ਹੈ ਕਿ ਮੁੜ ਉਸ ਗੁਰਮੁਖ-ਇਸਤ੍ਰੀ ਦਾ (ਪ੍ਰਭੂ-ਚਰਨਾਂ ਨਾਲੋਂ) ਵਿਛੋੜਾ ਨਹੀਂ ਹੁੰਦਾ।

(ਸਤਿਗੁਰੂ ਫ਼ੁਰਮਾਉਂਦੇ ਹਨ ਕਿ ਜਿਹੜਾ ਪ੍ਰਭੂ ਗੁਰਮੁਖ ਜੀਵ-ਇਸਤ੍ਰੀਆਂ ਨੂੰ ਆਪਣੇ ਨਾਲ ਮਿਲਾਵਣਹਾਰ ਹੈ) ਉਸ ਅਪਹੁੰਚ ਤੇ ਅਥਾਹ ਸਜਣ-ਪ੍ਰਭੂ ਤੋਂ ਮੈਂ ਲਖਾਂ ਵਾਰੀ ਵਾਰਨੇ ਜਾਂਦਾ ਹਾਂ।

(ਕਹਿੰਦੇ ਹਨ) ਹੇ ਨਾਨਕ! ਉਸ ਦੇ ਦਰ ਉਤੇ ਢਠਿਆਂ ਦੀ ਨਾਰਾਇਣ ਪ੍ਰਭੂ ਨੂੰ ਇੱਜ਼ਤ ਰਖਣੀ ਪੈਂਦੀ ਹੈ। ਪੋਹ ਮਹੀਨਾ ਉਸ ਲਈ ਸੋਹਣਾ ਹੈ ਅਤੇ ਉਸ ਨੂੰ ਸਾਰੇ ਸੁਖ ਪ੍ਰਾਪਤ ਹੁੰਦੇ ਹਨ, ਜਿਸ ਜੀਵ-ਇਸਤ੍ਰੀ ਉਤੇ ਬੇਪਰਵਾਹ ਪ੍ਰਭੂ ਬਖਸ਼ਸ਼ ਕਰਦਾ ਹੈ।

**ਵਿਆਖਿਆ**—ਪੋਹ ਮਹੀਨੇ ਦੁਆਰਾ ਸਤਿਗੁਰੂ ਜੀ ਇਹ ਤੱਥ ਉਘੇੜਦੇ ਹਨ ਕਿ ਜਿਨ੍ਹਾਂ ਗੁਰਮੁਖ ਪਿਆਰਿਆਂ ਨੂੰ ਪ੍ਰਭੂ-ਚਰਨਾਂ ਦੀ ਪ੍ਰੀਤੀ ਲਗ ਜਾਂਦੀ ਹੈ, ਜੋ ਊਠਤ ਬੈਠਤ ਸੋਵਤ ਨਾਮ-ਸਿਮਰਨ ਵਿਚ ਸੁਰਤੀ ਜੋੜੀ ਰਖਦੇ ਹਨ, ਉਨ੍ਹਾਂ ਨੂੰ ਪ੍ਰਭੂ-ਦਰਸ਼ਨਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਭਾਂਵਦਾ, ਗੁਰ ਫ਼ੁਰਮਾਨ ਹੈ—

ਚਰਨ ਕਮਲ ਸਿਉ ਪ੍ਰੀਤਿ ਸੰਤਨ ਮਨਿ ਆਵਏ ਜੀਉ ॥
ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ ॥
ਦਾਸਾ ਨਹ ਭਾਵਏ ਬਿਨੁ ਦਰਸਾਵੈ ਇਕ ਖਿਨੁ ਧੀਰਜੁ ਕਿਉ ਕਰੈ ॥
ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥੧॥ (ਪੰਨਾ ੮੦)

ਅਤੇ— ਜਿਨ ਸਰਧਾ ਰਾਮ ਨਾਮਿ ਲਾਗੀ ਤਿਨ੍ਹ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥੭॥ (੪੪੪)

ਅਜਿਹੇ ਚਰਨ-ਕਮਲ-ਬੇਧੇ ਜੀਉੜਿਆਂ ਨੂੰ ਦੁਨੀਆ ਦੇ ਕੀਮਤੀ ਤੋਂ ਕੀਮਤੀ ਪਦਾਰਥ ਸੋਨਾ, ਮੋਤੀ ਹੀਰੇ ਅਤੇ ਹਾਥੀਆਂ ਦੀ ਸਵਾਰੀ ਆਦਿ ਕਿਸੇ ਪਦਾਰਥ ਦੀ ਲਾਲਸਾ ਨਹੀਂ ਹੁੰਦੀ, ਉਨ੍ਹਾਂ ਨੂੰ ਦੁਨੀਆ ਦੇ ਰਾਜ ਭਾਗ


www.AKJ.Org

ਅਤੇ ਹੁਕਮ ਚਲਾਉਣ ਆਦਿ ਦੀ ਕੋਈ ਵੀ ਤ੍ਰਿਸ਼ਨਾ ਨਹੀਂ ਹੁੰਦੀ, ਸਿਵਾਇ ਪ੍ਰਭੂ-ਪ੍ਰੀਤੀ ਦੇ; ਜਿਹਾ ਕਿ **ਫੁਰਮਾਨ ਹੈ—**

ਓਹ ਪ੍ਰੇਮ ਪਿਰੀ ॥੧॥ਰਹਾਉ॥ ਕਨਿਕ ਮਾਣਿਕ ਗਜ ਮੋਤੀਅਨ ਲਾਲਨ, ਨਹ ਨਾਹ ਨਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ, ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ, ਸੁਖੋ ਸੁਖੁ ਪਾਹੀ ॥
ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ।੩॥੩॥੧੪੩। (੪੦੬-੦੭)

**ਐਸੇ** ਚਰਨ-ਕਮਲ-ਬੇਧਿਆਂ ਅਤੇ ਨਾਮ-ਰਤੇ ਵਿਅਕਤੀਆਂ ਨੂੰ ਪੋਹ ਮਹੀਨੇ ਦਾ **ਪਾਲਾ ਜਾਂ ਬਰਫ ਪੈਂਦੀ** ਪੋਹ ਨਹੀਂ ਸਕਦੀ, ਕਿਉਂਕਿ ਉਨ੍ਹਾ ਨੂੰ "ਦਰਸਨੁ ਹਰਿ ਦੇਖਣ ਕੈ ਤਾਈ" ਦੀ **ਐਸੀ ਲਿਲ੍ਹ ਲਗੀ ਹੁੰਦੀ** ਹੈ ਕਿ— ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੧੨॥ (੭-੮)

ਅਤੇ— ਝਖੜੁ ਝਾਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥ (ਪੰਨਾ ੭੫੭)

ਇਹੋ ਹੀ ਦਸ਼ਾ ਸੀ ਬਾਬਾ ਅਮਰ ਦਾਸ ਜੀ, ਜਦ ਉਹ ਗੁਰੂ ਅੰਗਦ ਸਾਹਿਬ ਦੇ **ਚਰਨਾਂ ਵਿਚ ਜੁਟੇ** ਹੋਏ ਅਨਿੰਨ ਸੇਵਾ ਨਿਭਾਂਦੇ ਰਹੇ। ਸਤਰ ਪਚੱਤਰ ਸਾਲ ਦੀ ਬਿਰਧ ਅਵਸਥਾ ਵਿਚ ਹਨੇਰੀਆਂ **ਰਾਤਾਂ, ਸਿਆਲ** ਦੀ ਠੱਕੇ ਦੀ ਠੰਢ, ਝਖੜ ਹਨੇਰੀਆਂ ਅਤੇ ਕੰਡਿਆਲਿਆਂ ਰਸਤਿਆਂ ਨੂੰ ਅਧੀ ਰਾਤੀ ਉਲੰਘ ਕੇ ਬਿਆਸਾ ਨਦੀ ਤੇ ਅਪੜਦੇ ਅਤੇ ਆਪ ਇਸ਼ਨਾਨਾ ਸੋਧ ਕੇ ਆਪਣੇ ਪ੍ਰੀਤਮ-ਸਤਿਗੁਰੂ ਦੇ ਇਸ਼ਨਾਨ ਲਈ **ਪਾਣੀ ਦੀ ਗਾਗਰ** ਭਰ ਕੇ, ਨਾਮ-ਰੰਗ-ਰਤਿਆ ਸੇਵਾ ਵਿਚ ਆ ਹਾਜ਼ਰ ਹੁੰਦੇ। ਆਮ ਸੰਸਾਰੀਆਂ ਨੂੰ ਐਸੀ ਭਿਆਨਕ **ਸਰਦੀ** ਵਿਚ ਰਜਾਈਆਂ ਤੋਂ ਬਾਹਰ ਮੂੰਹ ਕਢਣ ਦੀ ਵੀ ਹਿੰਮਤ ਨਹੀਂ ਪੈਂਦੀ, ਪਰ ਜਿਨ੍ਹਾਂ ਨੂੰ **ਗੋਬਿੰਦ-ਪ੍ਰਭੂ ਦੇ** ਚਰਨਾਂ ਦੀ ਓਟ ਹੁੰਦੀ ਹੈ ਉਨ੍ਹਾਂ ਨੂੰ ਆਪਣੇ ਸੁਆਮੀ ਸਤਿਗੁਰੂ ਦੀ ਸੇਵਾ ਦਾ ਐਸਾ **ਪ੍ਰਬਲ ਉਮਾਹ** ਉਤਸ਼ਾਹ ਹੁੰਦਾ ਹੈ ਕਿ ਉਨ੍ਹਾਂ ਨੂੰ ਕੋਈ ਝਖੜ ਹਨੇਰੀਆਂ, ਬਿਖੜੇ ਪੈਂਡੇ ਅਤੇ ਪਾਲਾ ਕਕਰ **ਆਦਿ ਵਿਆਪ** ਨਹੀਂ ਸਕਦੇ। ਇਸੇ ਸਿਧਾਂਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਬਾਰਹਮਾਹ ਵਿਚ **ਨਿਖਾਰਿਆ ਹੈ ਕਿ** ਪੋਹ ਮਹੀਨੇ ਵਿਚ, ਜਦ ਕਿ ਪਾਲਾ ਕਕਰ ਪੈ ਰਿਹਾ ਹੁੰਦਾ ਹੈ ਅਤੇ ਬ੍ਰਿਛਾਂ ਬੂਟਿਆਂ ਦਾ ਵੀ ਰਸ ਸੁਕ **ਜਾਂਦਾ ਹੈ, ਤਾਂ** ਪ੍ਰਭੂ-ਚਰਨਾਂ ਦੇ ਭੌਰਿਆਂ ਲਈ ਐਸੀ ਰੁਤ ਵਿਚ ਪ੍ਰਭੂ ਦਰਸ਼ਨਾਂ ਦੀ ਹੀ ਇਕੋ ਇਕ ਸਿਕ ਹੁੰਦੀ ਹੈ। **ਫੁਰਮਾਨ ਹੈ—**

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥ (ਪੰਨਾ ੧੧੦੯)

**ਐਸੇ** ਵਿਅਕਤੀ ਸੱਚੀ ਪ੍ਰੀਤੀ ਦੇ ਕਾਰਨ ਪ੍ਰਭੂ-ਪ੍ਰੀਤਮ ਨਾਲ ਇਕ-ਮਿਕ ਹੋ ਜਾਂਦੇ ਹਨ **ਅਤੇ ਪ੍ਰਭੂ-ਪਿਆਰਾ ਉਨ੍ਹਾਂ** ਦੀ ਬਾਂਹ ਫੜ ਕੇ ਆਪਣੇ ਨਾਲ ਐਸਾ ਮੇਲਦਾ ਹੈ ਕਿ ਉਨ੍ਹਾਂ ਦਾ **ਮੁੜ ਵਿਛੋੜਾ ਹੁੰਦਾ ਹੀ** ਨਹੀਂ। ਇਸ ਪ੍ਰੀਤੀ ਦਾ ਜ਼ਿਕਰ ਗੁਰੂ ਰਾਮਦਾਸ ਜੀ ਇਉਂ ਕਰਦੇ ਹਨ—

ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥
ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥
ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥
ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ।੮॥ (ਪੰਨਾ ੭੨੫)

**ਐਸੇ** ਦਰ-ਪਇਆਂ ਗੁਰਮੁਖ ਦੀ ਲਾਜ-ਪਤ ਪ੍ਰਭੂ ਆਪ ਰਖਦਾ ਹੈ। ਸਤਿਗੁਰੂ ਪਾਤਸ਼ਾਹ **ਐਸੇ ਗੁਰੂ-**ਪਿਆਰੇ ਗੁਰਸਿਖ-ਗਰਮੁਖਾਂ ਤੋਂ ਘੁਮ ਘੁਮ ਜਾਂਦੇ ਹਨ।

ਹਾਂ ਜੀ, ਪੋਹ ਦਾ ਮਹੀਨਾ ਐਸੇ ਗੁਰੂ ਕੇ ਲਾਲਾਂ ਲਈ ਸੁਹਾਵਣਾ ਤੇ ਸ਼ੋਭਨੀਕ ਹੈ ਜਿਨ੍ਹਾਂ ਨੂੰ ਉਹ ਬੇਪਰਵਾਹ ਪ੍ਰਭੂ ਇਹ ਆਤਮਕ-ਬਿਵਸਥਾ ਬਖਸ਼ਦਾ ਹੈ ਕਿ ਪਾਲੇ ਕਕਰ ਦੀ ਪਰਵਾਹ ਨਾ **ਕਰਦਿਆ ਹੋਇਆਂ** ਗੁਰ-ਪਰਮੇਸ਼ਰ ਦੇ ਚਰਨ ਅਤੇ ਦਰਸ਼ਨ ਪਰਸਨ ਲਈ ਉਨ੍ਹਾਂ ਦੇ ਅੰਦਰ ਸਦਾ ਚਾਅ ਬਣਿਆ ਰਹੇ। **ਫੁਰਮਾਨ ਹੈ—**

ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ॥ਰਹਾਉ॥(ਪੰਨਾ ੧੧੨੧)



www.AKJ.Org

# ਅਜਪਾ ਜਾਪ ਤੇ ਅਕੱਥ ਕਥਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰਮੁਖ ਜਨ ਏਸੇ ਸਚੁ ਨੂੰ ਬੋਲਣਹਾਰੇ ਹੁੰਦੇ ਹੋਏ ਹੀ ਸੱਚੀ ਹੁਕਮ ਰਜ਼ਾ ਤੇ ਚਲਣਹਾਰੇ ਬਣਦੇ ਹਨ। ਦੁਨੀਆਵੀ, ਸੰਸਾਰ-ਕਾਰ ਬਿਉਪਾਰੀ ਸੁਸ਼ਕ ਸੱਚ ਬੋਲ ਬੋਲਣ ਦੇ ਕੂੜਾਵੇ ਦਾਅਵੇਦਾਰ ਬਣਨੋਂ ਅਤੀਤ ਬੈਰਾਗੀ ਬੀਤ ਰਾਗੀ ਗੁਰਮੁਖ ਜਨ ਸਦਾ ਅਲਿਪਤ ਬੇਗਰਜ਼ ਅਤੇ ਲਾਪਰਵਾਹ ਰਹਿੰਦੇ ਹਨ । ਓਹ ਆਤਮ ਤੱਤੀ ਪਰਮ 'ਸਚੁ' ਅਤੇ ਸੱਚੇ ਪਰਮਾਤਮਾ ਦੀ ਸਤਾ ਨਿਕਟ ਹਜ਼ੂਰੀ ਸਰਨਾਗਤ ਰਹਿੰਦੇ ਹੋਏ ਇਸ ਨਿਚਲੇ ਦਰਜੇ ਦੇ ਬ-ਹਕੀਕਤ ਸੱਚ ਨੂੰ ਕੀ ਵੁਕਅਤ ਦੇ ਸਕਦੇ ਹਨ ? ਓਹ ਤਾਂ ਸਚ ਮੁਚ "ਰਹਹਿ ਅਤੀਤ ਸਰੇ ਸਰਣਾਈ*" ਵਾਲੀ ਉੱਚੀ ਸਚ ਅਵਸਥਾ ਵਿਚਿ ਖੇਡਦੇ ਰਹਿੰਦੇ ਹਨ। ਤਿਨ੍ਹਾਂ ਗੁਰਮੁਖਾਂ ਦਾ ਐਸੇ ਉਚ ਔਜ ਆਦਰਸ਼ੀ 'ਸਚੁ' ਦੇ ਘਰ ਵਿਚਿ ਨਿਵਾਸ ਰਹਿੰਦਾ ਹੈ, ਜਿਥੇ ਓਹਨਾਂ ਨੂੰ ਕੂੜ ਕਾਲਿ-ਚੱਕਰੀ ਕਲਿ-ਕਾਲਖੀ ਬੇਤਾਲ ਕਾਲ ਜੋਹ ਨਹੀਂ ਸਕਦਾ। ਕੂੜ-ਮੁਠੇ ਮਨਮੁਖਾ ਨੂੰ ਮਾਇਆ ਮੋਹ ਮਮਤਾ ਗ੍ਰਸੇ ਹੋਣ ਕਰਕੇ ਆਵਣ ਜਾਣ ਜਨਮ ਮਰਣ ਦਾਂ ਦੁਖੁ ਸਹਿਣਾ ਪੈਂਦਾ ਹੈ।

ਅਪਿਓ ਪੀ ਕੇ, ਆਤਮ ਤੱਤ ਰੂਪੀ 'ਸਚੁ' ਅੰਮ੍ਰਿਤ ਦੇ ਗਟਾਕ ਚੱਖ ਕੇ ਨਾਮ ਅਮੀਆਲੇ ਗੁਰਮੁਖ ਜਨ ਸਦਾ ਮਸਤ ਮਤਵਾਲੇ ਰਹਿੰਦੇ ਹਨ ਅਤੇ ਅੰਮ੍ਰਿਤ ਨਾਮ ਦੀ ਜਾਪ ਅਭਿਆਸ ਰੂਪੀ ਅਜਪਾ ਜਾਪੀ ਅਕੱਥ ਕਥਾ ਕਰਨ ਵਿਚਿ ਹੀ ਲਿਵਲੀਨ ਰਹਿੰਦੇ ਹਨ। ਅਜਪਾ ਜਾਪ ਉਹ ਹੈ ਜਿਸ ਦਾ ਜਾਪ ਕਦੇ ਮੁਕਦਾ ਹੀ ਨਹੀਂ, ਜਿਸ ਦੀ ਅਭਿਆਸ ਕਮਾਈ ਦਾ ਪਾਰਾਵਾਰ ਹੀ ਨਹੀਂ । ਜਿਸ ਦੀ ਜਾਪ ਜਪਣੀ ਕਥਾ, ਕਥਨੀ ਤੋਂ ਬਾਹਰ ਹੈ। ਜਿਸ ਦੀ ਜਾਪ ਜਪਣੀ ਮੁਖੋਂ ਜਪਦਿਆਂ ਜਪਦਿਆਂ, ਕਥਦਿਆਂ ਕਥਦਿਆਂ ਕਦੇ ਮੁਕਦੀ ਹੀ ਨਹੀਂ। ਜਿਉਂ ਜਿਉਂ ਜਪੀ ਕਥੀਦੀ ਹੈ, ਤਿਉਂ ਤਿਉਂ ਇਸ ਦਾ ਅੰਮ੍ਰਿਤ ਰਸੁ ਹੋਰ ਤੋਂ ਹੋਰ ਵਧੇਰੇ ਆਉਂਦਾ ਹੈ। ਜੈਸੇ ਇਹ ਅੰਮ੍ਰਿਤ ਅਹਿਲਾਦੀ ਰਸੁ ਅਥਾਹ ਹੈ, ਤੈਸੇ ਹੀ ਨਾਮ ਦੀ ਅੰਮ੍ਰਿਤ-ਜਾਪ-ਮਈ-ਕਥਾ ਅਥਾਹ ਅਤੇ ਅਗਾਧ ਹੈ। ਏਸੇ ਕਰਕੇ ਨਾਮ-ਜਾਪ ਨੂੰ ਅਕੱਥ ਕਥਾ ਗੁਰਬਾਣੀ ਵਿਚਿ ਵਰਨਣ ਕੀਤਾ ਗਿਆ ਹੈ। ਤਾਂ ਤੇ ਗੁਰਮੁਖ ਜਨ "ਅਪਿਉ ਪੀਅਉ ਅਕਥੁ ਕਥਿ ਰਹੀਐ"* ਵਾਲੀ ਗੁਰਮਤਿ ਲਿਵ ਰਹਿਣੀ ਦੇ ਹੀ ਧਾਰਨੀ ਰਹਿੰਦੇ ਹਨ ਅਤੇ ਅੰਤਰ ਆਤਮੇ ਲਿਵ ਜੋੜ ਕੇ, ਸਮਾਧ-ਸਥਿਤ ਹੁੰਦੇ ਹੋਏ ਨਿਜ ਘਰੀ ਪ੍ਰਤਿਬਿੰਬਤ (ਪ੍ਰਕਾਸ਼ਤ ਹੋਏ) ਸਹਜ ਘਰ ਵਾਸ ਦਾ ਅਨੰਦ ਮਾਣਦੇ ਹਨ ਘਟ ਆਤਮੀ ਨਿਜ ਘਰਿ ਰਹਿੰਦੇ ਹੋਏ ਪਰਮ ਆਤਮਾ ਲਖਤਾ ਵਾਲੇ ਸਹਜ ਘਰ ਦੇ ਅਨੰਦ ਦਾ ਲਹਿਰਾ ਲੁਟਦੇ ਹਨ। ਇਸ ਲਖਤਾ ਨੂੰ ਲਖ ਕੇ ਹੀ 'ਸਚੁ' ਦੀ ਤਤ ਸਰੂਪੀ ਲਖਤਾ ਦਾ ਬਿਸਮਾਦ ਮਈ ਸੁਆਦ ਆਵੰਦਾ ਹੈ। ਨਿਜ ਘਰਿ ਬੈਸਿ ਸਹਜ ਘਰੁ ਲਹੀਐ* ਇਸ ਬਿਸਮਾਦ ਸੁਆਦ ਵਾਲੇ ਹਰਿ ਰਸ ਵਿਚਿ ਰਤਿਆਂ ਮੱਤਿਆਂ ਹੀ ਸੱਚ ਸੁਖ ਦੀ ਸਾਰ ਆਉਂਦੀ ਹੈ। ਸੱਚਾ ਸੁਖ ਗੁਰਮਤਿ ਅੰਦਰਿ ਏਸੇ ਨੂੰ ਕਹਿੰਦੇ ਹਨ ਕਿ ਹਰਿ ਰਸ ਦੇ ਆਤਮ ਅਹਿਲਾਦ ਵਿਚਿ ਮਗਨ ਮਸਤ ਬਿਸਮਾਦ ਹੀ ਹਰ ਦਮ ਰਹੇ। ਅਤੇ ਇਸ ਬਿਸਮਾਦ ਮਈ ਅੰਮ੍ਰਿਤ ਰਸ ਦੀ ਖੁਮਾਰੀ ਦਾ ਨਸ਼ਾ ਕਦੇ ਭੀ ਨਾ ਉਤਰ। ਸੁਖ ਹੈ ਤਾਂ ਇਹੋ ਸੱਚਾ ਸੁਖ ਹੈ । ਇਸ ਨੂੰ ਅਸਲੀ ਸੁਖ ਕਹਿੰਦੇ ਹਨ। "ਹਰਿ ਰਸਿ ਮਾਤੇ ਇਹੁ ਸੁਖੁ ਕਹੀਐ*" ਇਹੋ ਸੁਖੁ ਹੈ। ਏਸ ਬਿਨਾ ਹੋਰ ਸੁਖੁ ਹੀ ਕੋਈ ਨਹੀਂ । ਜਿਥੇ ਇਹ ਸੁਖੁ ਹੈ ਓਥੇ 'ਸਚੁ' ਦਾ ਪਰਗਾਸ ਸਹੀ ਜਾਣੋ।

ਗੁਰਮਤਿ ਸਚੁ ਨਿਹਚਲੀ ਸਚੁ ਹੈ । ਜੋ ਗੁਰਮੁਖ ਜਨ ਸਚੁ-ਗੁਰਮਤਿ ਦੀ ਸੱਚੀ ਨਿਹਚਲ ਚਾਲ ਤੇ ਚਲਣ ਵਾਲੇ ਹਨ, ਓਹ ਸਦਾ ਨਿਹਚਲ ਹੀ ਰਹਿੰਦੇ ਹਨ, ਕਦੇ ਨਹੀਂ ਡੋਲਦੇ ਅਤੇ ਸਦਾ ਗੁਰਮਤਿ ਸਾਚ

* ਗਉੜੀ ਮ: ੧, ਪੰਨਾ ੨੨੭



www.AKJ.Org

ਦੇ ਸਹਜ ਘਰ ਵਿਚਿ ਵਸਦੇ ਹੋਏ (ਨਿਹਚਲ ਵਾਸਾ ਰਖਦੇ ਹੋਏ) ਨਾਮ ਜਾਪੁ ਉਚਾਰਨ ਕਰਦੇ ਹਨ। ਅਤੇ ਇਉਂ ਅੰਮ੍ਰਿਤ ਦੇ ਗਟਾਕ ਰਸ ਪੀ ਪੀ ਤੱਤ ਵਿਰੋਲ ਕੇ ਸਚੁ ਅੰਮ੍ਰਿਤ ਮਾਖਨੁ ਝੋਲਿ ਝੋਲਿ ਛਕਦੇ ਹਨ। ਤਿਨ੍ਹਾਂ ਨੇ ਹੀ ਵਾਸਤਵ ਵਿਚਿ ਸਤਿਗੁਰੂ ਦੇ ਜੋਤਿ ਪ੍ਰਕਾਸ਼ੀ ਸਰੂਪ ਨੂੰ ਦੇਖਿਆ ਹੈ। ਤਿਨ੍ਹਾਂ ਦੀ ਸਤਿਗੁਰੂ ਦੁਆਰਿਓਂ ਦੀਖਿਆ ਲਈ ਲੇਖੇ ਪੈਂਦੀ ਹੈ। ਸੱਚੀ ਦੀਖਿਆ ਤਿਨ੍ਹਾਂ ਨੇ ਹੀ ਲਈ ਹੈ ਜਿਨ੍ਹਾਂ ਨੇ ਗੁਰਮੰਤਰ ਕਮਾਈਆਂ ਕਰਿ ਕਰਿ ਗੁਰੂ ਜੋਤਿ ਨੂੰ ਘਟ ਅੰਦਰੋਂ ਹੀ ਪਰਜੁਅਲਤ ਕੀਤਾ ਹੈ। ਅਤੇ ਮਨ ਤਨ ਅਰਪ ਕੇ ਅੰਤਰਗਤਿ 'ਸਚੁ' ਨੂੰ ਚੀਨਿਆ ਹੈ। ਅਤੇ 'ਸਚੁ' ਮਤਾਂਤ ਮਤੇ ਨੂੰ ਪਰਬੀਨਿਆ ਹੈ। ਅਤੇ ਆਤਮ ਚੀਨ ਕੇ ਸਚੀ ਗਤਿ ਮਿਤਿ ਪਾਈ ਹੈ।

ਜੋਤਿ ਅਪਾਰੀਆ ਪਰਮ ਹੰਸਲਾ ਸਚੁ ਆਤਮਾ, 'ਨਾਮੁ' ਨਿਰੰਜਨ ਰੂਪੀ ਸਾਰ ਭੋਜਨ ਦਾ ਅਹਾਰ ਹੀ ਕਰਦਾ ਅਤੇ ਏਸ ਸਾਰ ਭੋਜਨੀ ਅਹਾਰ ਦੇ ਆਸਰੇ ਰਹਿੰਦਾ ਹੈ। ਅਤੇ ਜਤੇ ਕਤੇ ਜਲੇ ਥਲੇ ਏਕੰਕਾਰੁ ਹੀ ਏਕੰਕਾਰੁ ਦੇਖਦਾ ਹੈ। ਅਤੇ ਏਕਾ ਨਿਰੰਕਾਰ 'ਸਚੁ' ਸਰਣੀ ਨਿਰਾਲਮ ਰਹਿੰਦਾ ਹੈ। ਇਕੋ ਨਿਰੰਕਾਰ ਹੀ ਪਰਮ ਸਚੁ ਹੈ। ਤਿਸੁ ਸਚ ਦੀ, ਮਹਿਵੂਲ ਜੋਤਿ-ਰਸ-ਮਗਨਤਾ ਮਈ ਸਰਨ ਵਿਖੇ ਹੀ ਰਹਿੰਦਾ ਹੈ। ਸਚ ਜੋਤਿ ਅਪਾਰੀਆ ਆਤਮ ਅੰਸੀ ਗੁਰਮੁਖ ਹੀ ਹੰਸਲਾ ਹੈ। ਏਕਾ ਸਚੁ ਕਰਣੀ ਕਮਾਉਂਦਾ ਹੋਇਆ ਨਿਰਾਲਮ (ਨਿਰਲੇਪ) ਰਹਿੰਦਾ ਹੈ। ਏਹ ਪਰਮ ਪਦ, ਗੁਰ ਚਰਨ ਸਰਨ ਸੇਵਾ ਤੋਂ ਹੀ ਪ੍ਰਾਪਤਿ ਹੁੰਦਾ ਹੈ। ਏਹ ਪਰਮ ਪਦ ਪਾ ਕੇ ਅਤੇ 'ਸਚੁ' ਨੂੰ ਪਰਤੱਖ ਦੇਖ ਕੇ ਮਨੂਆ ਮਨ ਦੀ ਬਿਵਸਥਾ ਤੋਂ ਪਲਟ ਕੇ ਜੋਤਿ ਸਰੂਪ ਆਤਮ ਅੰਸੀਆਂ ਬਣ ਜਾਂਦਾ ਹੈ। ਇਉਂ "ਮਨ ਤੇ ਮਨੁ ਮਾਨਿਆ" ਦੇ ਭਾਵ ਅਨੁਸਾਰ ਆਤਮੇ ਨੂੰ ਆਤਮੇ ਦੀ ਪਰਤੀਤ ਆਉਂਦੀ ਹੈ ਅਤੇ ਹਉਮੈ ਤੋਂ ਉਪਜੀ ਭ੍ਰਾਂਤੀ (ਭ੍ਰਮਣੀ) ਚੁੱਕ ਜਾਂਦੀ ਹੈ।

ਜੋ ਭਗਤ ਸੰਤ ਜਨ ਤਾਰਿਆ ਹੈ ਤਾਰਨਹਾਰੇ ਨੇ, ਬਸ ਇਨਿ ਬਿਧਿ ਹੀ ਤਾਰਿਆ ਹੈ। ਗੁਰਮਤਿ ਨਾਮੁ ਜਪ ਜਪ ਕੇ, ਸਚੁ ਰੰਗਿ ਰਪ ਰਪ ਕੇ, ਹਰ ਇਕ ਗੁਰਮੁਖਿ ਸੰਤ ਭਗਤ ਜਨ ਨਿਸਤਾਰਿਆ ਗਿਆ ਹੈ! ਜਿਨ੍ਹਾਂ ਗੁਰਮੁਖਾਂ ਨੇ ਸਤਿ ਪੁਰਖੁ ਪ੍ਰਭੂ ਰੂਪੀ 'ਸਚੁ' ਪਾ ਲਿਆ ਹੈ, ਤਿਨ੍ਹਾਂ ਨੇ ਹੋਰ ਕੂੜਾਵੇ ਸੱਚ ਦੀ ਭਾਲ ਟੋਲ ਸਭ ਛਡਿ ਦਿਤੀ ਹੈ। ਗੁਰਮਤਿ ਸੱਚ ਦੀ ਢੂੰਡ (ਤਲਾਸ਼) ਜਿਨ੍ਹਾਂ ਗੁਰਮੁਖ 'ਸਚੁ' ਢੂੰਡਾਊਆਂ ਨੇ ਢੂੰਡਿ ਲਈ ਹੈ, ਤਿਨ੍ਹਾਂ ਦਾ ਸੱਚੇ ਸਾਹਿਬ ਦੇ ਸਾਚ ਮਹਲ ਵਿਚਿ ਨਿਵਾਸ ਹੋ ਗਿਆ ਹੈ। ਉਹ ਸਾਚੁ ਮਹਲੁ ਐਸਾ ਹੈ, ਅਤ ਏਵਡ ਅਪਰਪਰ ਹੈ ਜਿਥੇ ਮਾਇਆ ਦੀ ਛਾਉਂ (ਛਾਇਆ) ਭੀ ਅਪੜ ਨਹੀਂ ਸਕਦੀ, ਨਾ ਪੋਹ ਸਕਦੀ ਹੈ। ਉਥੇ ਬਸ, 'ਸਚੁ' ਵਿਖੇ ਹੀ ਸੰਤੋਖੇ ਰਹੀਦਾ ਹੈ। 'ਸਚੁ' ਪਰਕਾਸ਼ ਦਾ ਐਸਾ ਚਾਨਣੁ ਉਥੇ ਹੁੰਦਾ ਹੈ ਕਿ ਛਾਇਆ ਮਾਇਆ ਮਈ ਭਰਮ ਦਾ ਮੁਸ਼ਕ ਭੀ ਨਹੀਂ ਰਹਿੰਦਾ। ਭਰਮ ਦੇ ਛਉੜ ਮੂਲੋਂ ਕੱਟੇ ਜਾਂਦੇ ਹਨ।

ਜਿਨ੍ਹਾਂ ਦੇ ਹਿਰਦੇ ਵਿਖੇ ਐਸਾ ਸਚੁ ਮਹਿਲ ਟਹਿਕੀਲੀਆ ਸਚੁ ਵਸਿਆ ਹੈ ਤਿਨ੍ਹਾਂ ਦੀ ਸੰਗਤਿ ਕੀਤਿਆਂ ਗੁਰਮੁਖ ਬਣੀਦਾ ਹੈ ਅਤੇ ਤਿਨ੍ਹਾਂ ਨੂੰ ਭੀ ਓੜਕ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। 'ਸਚੁ ਨਾਮੁ' ਦੁਆਰਾ ਓਹਨਾਂ ਦੀ ਭੀ ਅਹੰ-ਭ੍ਰਮਣੀ ਮਈ ਮੈਲ ਖੋਹੀ ਜਾਂਦੀ ਹੈ।

ਗੁਰਮਤਿ 'ਸਚੁ' ਸਿਧਾਂਤ ਦੇ ਪ੍ਰਕਰਣ ਪ੍ਰਥਾਇ ਹੋਰ ਅਨੇਕਾ ਗੁਰਵਾਕ ਪ੍ਰਮਾਣ ਵਜੋਂ ਦਿਤੇ ਜਾ ਸਕਦੇ ਹਨ। ਸਮੱਗਰ ਗੁਰਬਾਣੀ ਏਹਨਾਂ 'ਸਚੁ'-ਸਿਧਾਂਤੀ ਪ੍ਰਮਾਣਾਂ ਨਾਲਿ ਭਰੀ ਪਈ ਹੈ। ਅਸੀਂ ਐਵੇਂ ਉਤੇ ਦੀ ਲੰਘ ਜਾਂਦੇ ਹਾਂ, ਗੁਰਮਤਿ 'ਸਚੁ' ਸਿਧਾਂਤ ਨੂੰ ਨਹੀਂ ਜਾਂਚਦੇ। ਹੋਰ ਤਾਂ ਹੋਰ ਨਿਤਾਪ੍ਰਤੀ ਸਿਰੀ ਆਸਾ ਜੀ ਦੀ ਵਾਰ ਅੰਦਰਿ ਗੁਰਮਤਿ 'ਸਚੁ'-ਸਿਧਾਂਤੀ ਗੁਰਵਾਕ ਪੜ੍ਹਦੇ ਹਾਂ, ਪਰ ਪੜ੍ਹਨਹਾਰਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਇਥੇ 'ਸਚੁ' ਦਾ ਕੀ ਸਿਧਾਂਤ ਹੈ। ਪਿਛੇ ਦਿਤੇ ਤੇ ਵਿਆਖਿਆ ਕੀਤੇ ਸਮੂਚੇ 'ਸਚੁ' ਪ੍ਰਕਰਣੀ ਸਿਧਾਂਤਾਂ ਦੀ ਰੋਸ਼ਨੀ ਵਿਚਿ ਸਿਰੀ ਆਸਾ ਜੀ ਦੀ ਵਾਰ ਵਿਚਿ ਆਏ ਹੇਠ ਲਿਖੇ ਗੁਰ-ਪ੍ਰਮਾਣ ਭੀ ਓਹੋ ਅਰਥ 'ਸਚੁ' ਦੇ ਰਖਦੇ ਹਨ ਜਿਨ੍ਹਾਂ ਦਾ ਸਿਧਾਂਤ ਕਿ ਵਿਸਥਾਰ ਪੂਰਬਕ ਨਿਰਣੈ ਕੀਤਾ ਗਿਆ ਹੈ:

੧. ਨਾਨਕ ਸਚੁ ਧਿਆਇਨਿ ਸਚੁ ॥੧॥੨॥ (ਸਲੋਕ ਮ: ੧, ਪੰਨਾ ੪੬੩)



www.AKJ.Org

੨. ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥੪॥ (ਪੰਨਾ ੪੬੫)

੩. ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥੭॥ (ਪੰਨਾ ੪੬੬-੬੭)

੪. ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥
ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥੮॥ (ਪੰਨਾ ੪੬੭)

੫. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖੁ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥੧੦॥ (ਮ: ੧, ਪੰਨਾ ੪੬੮)

["ਗੁਰਮਤਿ ਸੱਚ ਨਿਰਣੈ" ਪੁਸਤਕ ਵਿਚੋਂ]

---

# ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਉਕਤ ਸਕੀਮ ਅਧੀਨ ਦਿਲੀ ਸਮਾਗਮ ਤੇ ੧੮-੧੦-੯੧ ਨੂੰ ਹੋਈ ਪ੍ਰੀਖਿਆ ਵਿਚ ਜੋ ਬੱਚੇ ਕਾਮਯਾਬ ਹੋਏ ਹਨ, ਹੇਠ ਲਿਖੇ ਵਜ਼ੀਫ਼ਿਆਂ ਨਾਲ ਸਨਮਾਨਤ ਕੀਤੇ ਗਏ—

**ਭਾਗ ਪਹਿਲਾ**— ਜਗਦੀਪ ਕੌਰ (ਸਪੁਤ੍ਰੀ ਸ: ਨਰਿੰਦਰਪਾਲ ਸਿੰਘ ਮੁਹਾਲੀ) ੩੬੦/-, ਭੂਪਿੰਦਰ ਸਿੰਘ (ਸਪੁਤ੍ਰ ਸ: ਜਰਨੈਲ ਸਿੰਘ ਦਿਲੀ) ੩੦੦/-, ਭਜਨੀਤ ਸਿੰਘ (ਸਪੁਤ੍ਰ ਸ: ਸੁਖਬੀਰ ਸਿੰਘ ਮੁਹਾਲੀ) ੩੦੦/-, ਜਤਿੰਦਰ ਕੌਰ (ਸਪੁਤ੍ਰੀ ਸ: ਸਤਨਾਮ ਸਿੰਘ ਦਿਲੀ) ੨੪੦/-, ਰਣਜੀਤ ਕੌਰ (ਸਪੁਤ੍ਰੀ ਸ: ਰਾਵਿੰਦਰ ਸਿੰਘ ਦਿਲੀ) ੨੪੦/-, ਗੁਰਪ੍ਰੀਤ ਕੌਰ (ਸਪੁਤ੍ਰੀ ਸ: ਇੰਦਰਜੀਤ ਸਿੰਘ ਫਰੀਦਾਬਾਦ) ੨੪੦/-,

**ਭਾਗ ਦੂਜਾ**— ਰਮਨਦੀਪ ਕੌਰ (ਸਪੁਤ੍ਰੀ ਸ: ਨਰਿੰਦਰਪਾਲ ਸਿੰਘ ਮੁਹਾਲੀ) ੬੬੦/-, ਸਰਬਜੀਤ ਕੌਰ ਤੇ ਨਰਿੰਦਰ ਕੌਰ (ਸਪੁਤ੍ਰੀਆਂ ਸ: ਸਰੂਪ ਸਿੰਘ ਫਰੀਦਾਬਾਦ) ੬੬੦/-, ਤੇ ੬੦੦/-, ਕੰਵਲਜੀਤ ਸਿੰਘ (ਸਪੁਤ੍ਰ ਸ: ਬਲਵੰਤ ਸਿੰਘ ਦਿਲੀ) ੫੪੦/-, ਸਤਪਾਲ ਕੌਰ (ਸਪੁਤ੍ਰੀ ਸ: ਅਮਰਜੀਤ ਸਿੰਘ ਲਖਨਊ) ੫੪੦/-, ਮਨਜੀਤ ਸਿੰਘ (ਸਪੁਤ੍ਰ ਸ: ਸਤਨਾਮ ਸਿੰਘ ਦਿਲੀ) ੪੮੦/-

**ਭਾਗ ਤੀਜਾ**— ਗੁਰਸ਼ਰਨ ਕੌਰ (ਸਪੁਤ੍ਰੀ ਸ: ਜਰਨੈਲ ਸਿੰਘ ਦਿਲੀ) ੯੦੦/-, ਗੁਰਪ੍ਰੀਤ ਸਿੰਘ (ਸਪੁਤ੍ਰ ਸ: ਸਵਰਨ ਸਿੰਘ ਦਿਲੀ ੮੪੦/-, ਕੁਲਦੀਪ ਕੌਰ (ਸਪੁਤ੍ਰੀ ਸ: ਅਮਰਜੀਤ ਸਿੰਘ ਲਖਨਊ )੯੦੦/-, ਭੁਪਿੰਦਰ ਸਿੰਘ (ਸਪੁਤ੍ਰ ਸ: ਮਹਿੰਦਰ ਸਿੰਘ ਦਿਲੀ ੮੪੦/-, ਗੁਰਮੀਤ ਕੌਰ (ਸਪੁਤਰੀ ਭਾ: ਬੰਤਾ ਸਿਘ ਵੈਰੋਵਾਲ, ਜ਼ਿਲਾ ਅੰਮ੍ਰਿਤਸਰ) ੯੦੦ + ਸ੍ਰੀ ਸਾਹਿਬ (ਸਪੈਸ਼ਲ ਇਨਾਮ)।

ਖ਼ਾਲਸਾ ਜੀ ਸੇਵਕ : ਰਾਮ ਸਿੰਘ (ਪ੍ਰਧਾਨ) ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
'ਸੂਰਾ' ਅੰਮ੍ਰਿਤਸਰ, ਦਸੰਬਰ ੧੯੯੧



www.AKJ.Org

# ਅਮਰ ਸ਼ਹਾਦਤ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ-19]

ਪਰਉਪਕਾਰ_ਇਕ ਮਹਾਨ ਦੈਵੀ ਗੁਣ ਹੈ, ਰੱਬੀ ਬਖ਼ਸ਼ਸ਼ ਹੈ। ਜਿਹੜਾ ਇਨਸਾਨ ਸਾਰੇ ਸੰਸਾਰ ਨੂੰ ਆਪਣਾ ਪਰਵਾਰ ਸਮਝਦਾ ਹੈ, ਤੇ ਆਪਣੀ ਲੋੜ, ਆਪਣੀ ਮੰਗ ਤੋਂ ਉੱਚਾ ਉੱਠ ਕੇ ਦੂਸਰੇ ਦੀ ਭਲਾਈ ਲਈ ਜੀਉਂਦਾ ਹੈ-ਮਰਦਾ ਹੈ, ਉਹੀ ਪਰਉਪਕਾਰੀ ਕਹਾਉਣ ਦਾ ਅਧਿਕਾਰੀ ਹੈ। ਉਹ ਦਾਤਾ ਹੈ, ਮੰਗਤਾ ਨਹੀਂ; ਉਹ ਲੈਂਦਾ ਹੈ ਦਾਤਾਰ ਪਿਤਾ ਤੋਂ ਤੇ ਦਿੰਦਾ ਹੈ ਲੋੜਵੰਦ ਦੁਖੀਆਂ ਨੂੰ। ਉਸ ਦਾ ਮਨ ਖ਼ਾਲਕ ਦੇ ਚਰਨਾਂ ਵਿਚ, ਤਨ ਤੇ ਧਨ ਖ਼ਲਕਤ ਦੀ ਸੇਵਾ ਲਈ ਤੱਤਪਰ ਰਹਿੰਦਾ ਹੈ। ਸੰਸਾਰੀ ਤੇ ਅਗਿਆਨੀ ਪੁਰਸ਼ ਉੱਚ ਪਾਇ ਦੀ ਕੁਰਬਾਨੀ ਦੇ ਲਾਇਕ ਨਹੀਂ, ਇਹ ਕੇਵਲ ਬ੍ਰਹਮ ਗਿਆਨੀ ਨੂੰ ਫੱਬਦੀ ਹੈ, ਜਿਹੜਾ ਦੂਸਰੇ ਦੀ ਭਲਾਈ ਵਿੱਚ ਉਮਾਹ ਤੇ ਖੇੜੇ ਭਰੀ ਅਵਸਥਾ ਵਿਚ ਵਿਚਰਦਾ ਹੈ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੩॥੮॥ ਸੁਖਮਨੀ ਸਾਹਿਬ

ਇਸ ਦੇ ਬਿਪਰੀਤ ਬੁਜ਼ਦਿਲ ਇਨਸਾਨ ਸਾਹਸਿਕ ਕੰਮ ਤੋਂ ਕੰਨੀ ਕਤਰਾਉਂਦਾ ਹੈ। ਉਹ ਕਥਨੀ ਵਿੱਚ ਭਾਵੇਂ ਸ਼ੇਰ ਹੋਵੇ, ਪਰ ਕਰਨੀ ਵੇਲੇ ਪੂਰਾ ਨਹੀਂ ਉਤਰਦਾ। ਹੋ ਸਕਦਾ ਹੈ, ਉਹ ਕਿਸੇ ਹੱਦ ਤੱਕ ਧਨ ਕੁਰਬਾਨ ਕਰ ਸਕਦਾ ਹੋਵੇ, ਪਰ ਖ਼ਤਰੇ, ਸੰਕਟ ਤੇ ਜੋਖੋਂ ਭਰੇ ਕਾਰਜ ਕਰਨ ਦੀ ਉਸ ਵਿਚ ਸਮਰੱਥਾ ਨਹੀਂ ਹੁੰਦੀ। ਗੀਦੀ ਪੁਰਸ਼ ਤੋਂ ਆਪਾ ਵਾਰਨ ਦੀ ਆਸ਼ਾ ਰੱਖਣੀ ਨਿਰਮੂਲ ਹੈ। ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਕਈ ਲੀਡਰ ਮੌਤ ਦੇ ਡਰ ਕਾਰਨ ਥਿੜਕਦੇ ਦੇਖੇ ਗਏ ਹਨ । ਐਸੇ ਡਰਪੋਕ ਜੀਵ ਮੌਤ ਦੇ ਪੰਜੇ ਤੋਂ ਨੱਸ ਕੇ ਬਚ ਨਹੀਂ ਸਕਦੇ, ਬਲਕਿ ਬਾਰ ਬਾਰ ਜੰਮਦੇ ਤੇ ਮ੍ਰਿਤੂ ਦਾ ਸ਼ਿਕਾਰ ਬਣਦੇ ਹਨ। ਗੁਰਮਤਿ ਵਿੱਚ ਪਰਵਾਨ ਸੂਰਾ ਕੋਈ ਵਿਰਲਾ ਜਨ ਹੈ, ਜਿਹੜਾ ਮੌਤ ਨੂੰ ਹੱਸ ਕੇ ਗਲਵੱਕੜੀ ਪਾਉਂਦਾ ਹੈ।

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥੭॥

ਮਾਰੂ ਮ: ੫ ਅੰਜੁਲੀਆਂ, ਪੰਨਾ ੧੦੧੯

ਸੂਰਮੇ ਦੀ ਮੌਤ ਨਹੀਂ, ਸਦੀਵੀ ਜ਼ਿੰਦਗੀ ਹੈ।

ਨਿਰਭਉ ਕੇਵਲ ਨਿਰੰਕਾਰ ਹੈ, ਸੋ ਹਿਰਦੇ ਵਿੱਚ ਨਿਰਭਉ ਨਾਮ ਦੇ ਨਿਵਾਸ ਬਿਨਾਂ ਸੱਚੀ ਤੇ ਸੁੱਚੀ ਦਲੇਰੀ ਦਾ ਉਤਪੰਨ ਹੋਣਾ ਸੰਭਵ ਨਹੀਂ । ਇਤਿਹਾਸ ਸਾਖੀ ਹੈ ਕਿ ਨਿਧੜਕ ਸੂਰਮੇ ਦੀ ਰਹਿਬਰੀ ਤੋਂ ਹੀ ਸੂਰਬੀਰਾਂ ਦੀ ਲੜੀ ਤਿਆਰ ਹੁੰਦੀ ਹੈ। ਦੂਸਰੇ ਸ਼ਬਦਾਂ ਵਿੱਚ ਜਿਸ ਪ੍ਰਾਣੀ ਨੂੰ ਸੂਰਮਗਤੀ ਦੀ ਗੁੜ੍ਹਤੀ ਪ੍ਰਾਪਤ ਹੋਵੈ ਉਹੀ ਨਿਰਭੈਤਾ ਦੀ ਪਦਵੀ ਪਾਉਣ ਦੇ ਯੋਗ ਹੈ। ਗੁੜ੍ਹਤੀ, ਉਪਦੇਸ਼ ਜਾਂ ਪ੍ਰੇਰਨਾ ਤੇ ਆਧਾਰਿਤ ਨਹੀਂ, ਬਲਕਿ ਬੇਗਰਜ਼ ਆਪਾ ਵਾਰਨ, ਜਾਨ ਦੀ ਆਹੂਤੀ ਦੇਣ ਤੇ ਨਿਰਭਰ ਕਰਦੀ ਮੰਨੀ ਗਈ ਹੈ।

ਸਿੱਖ ਇਤਿਹਾਸ ਵਿੱਚ ਗੁਰੂ ਵਿਅਕਤੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਬੇਮਿਸਾਲ ਸ਼ਹਾਦਤ ਸੀ, ਜਿਸ ਦੇ ਦ੍ਰਿਸ਼ ਨੂੰ ਸੁਰਤੀ ਦੁਆਰਾ ਅੱਖਾਂ ਸਾਹਮਣੇ ਰੱਖਦਿਆਂ, ਅਨਗਿਣਤ ਗੁਰਸਿੱਖ ਕੁਰਬਾਨੀ ਦੇਣ ਸਮੇਂ ਕਸ਼ਟ ਝੱਲਣ ਤੇ ਭਾਣਾ ਮਿੱਠਾ ਮੰਨਣ ਵਿਚ ਅਡੋਲ ਤੇ ਦ੍ਰਿੜ੍ਹ ਰਹੇ । ਦਾਦਿਆਂ ਦੇ ਬਾਅਦ ਪੋਤਿਆਂ ਦਾ ਇਹ ਦੂਸਰਾ ਸੰਘਰਸ਼ ਸੀ। ਜੇ ਔਰੰਗਜ਼ੇਬ ਨੂੰ ਜਹਾਂਗੀਰ ਦੇ ਬਾਦਸ਼ਾਹੀ ਫ਼ੁਰਮਾਨ ਤੇ ਘੁਮੰਡ ਸੀ ਤਾਂ ਏਧਰ ਨੌਵੇਂ ਪਾਤਸ਼ਾਹ ਨੂੰ ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਦੇ ਅਦੁੱਤੀ ਬਲੀਦਾਨ ਤੇ ਮਾਣ ਸੀ। ਹਜ਼ੂਰ ਨੇ ਅਨਾਥਾਂ ਦੀ ਬਾਂਹ ਨਹੀਂ ਛੱਡੀ, ਆਪਣਾ ਬਚਨ ਪੂਰਾ ਨਿਭਾਇਆ, ਗੁਰੂ ਨਾਨਕ ਦੀ ਗੱਦੀ ਦੀ ਨਿਰਮਲ ਮਰਿਆਦਾ ਨੂੰ ਕਾਇਮ ਰੱਖਦਿਆਂ, ਆਪਣੇ ਸਾਥੀ ਗੁਰਸਿੱਖਾਂ ਸਹਿਤ, ਚੜ੍ਹਦੀ ਕਲਾ ਦੀ ਅਵਸਥਾ ਵਿੱਚ ਆਪਣਾ ਖ਼ਾਕੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ ਫੋੜ ਕੇ ਆਦਰਸ਼ਕ ਸਾਕਾ ਇਤਿਹਾਸ ਦੇ ਪੰਨਿਆਂ ਨੂੰ ਸੌਂਪਿਆ।


www.AKJ.Org

ਔਰੰਗਜ਼ੇਰ ਦੀ ਰਾਜਨੀਤੀ ਦਾ ਪ੍ਰਮੁੱਖ ਮਨੋਰਥ, ਰਾਜਸੀ ਬਲ ਦੁਆਰਾ, ਹਿੰਦੂ ਸਭਿਅਤਾ, ਧਾਰਮਕ ਰੀਤਾਂ, ਮਦਰਾਂ, ਆਸ਼ਰਮਾਂ, ਵਿਦਿਆਲਿਆਂ ਤੇ ਹਿੰਦੂ ਜਾਤੀ ਨੂੰ ਆਹਿਸਤਾ ਆਹਿਸਤਾ ਖ਼ਤਮ ਕਰ ਕੇ, ਜਾਂ ਉਨ੍ਹਾਂ ਦਾ ਧਰਮ ਪਰੀਵਰਤਣ ਕਰ ਕੇ ਮੁਸਲਮਾਨੀ ਸ਼ਰੀਅਤ ਅੰਦਰ ਲਿਆਉਣਾ ਸੀ। ਗੁਰਦੇਵ ਪਿਤਾ ਨੇ ਆਪਣੀ ਯਾਤਰਾ ਦੌਰਾਨ, ਅਨਾਥ ਹਿੰਦੂਆਂ ਨੂੰ, ਨਾਮ ਦੀ ਮਹਿਮਾ ਦਰਸਾ ਕੇ ਨਿਰਭੈ ਬਣਨ ਦਾ ਖੁਲ੍ਹਮ ਖੁਲ੍ਹਾ ਉਪਦੇਸ਼ ਦਿਤਾ। ਕਸ਼ਮੀਰੀ ਪੰਡਤਾਂ ਦੀ ਸੁਲਗਦੀ ਆਤਮਾ ਦੀ ਆਹ ਦਾ ਧੂਆਂ ਆਕਾਸ਼ ਨੂੰ ਛੋਂਹਦਾ ਵੀ ਤੱਕਿਆ ਤੇ ਤਰਸ ਖਾ ਕੇ ਉਨ੍ਹਾਂ ਦੀ ਆਤਮਕ ਅਧੋਗਤੀ, ਮਾਨਸਿਕ ਪ੍ਰੇਸ਼ਾਨੀ ਤੇ ਸਰੀਰਕ ਅੱਤਿਆਚਾਰ ਦਾ ਬੋਝ ਆਪਣੇ ਸਿਰ ਲੈ ਕੇ ਹੌਲਾ ਫੁੱਲ ਕਰ ਦਿੱਤਾ। ਔਰੰਗਜ਼ੇਬ ਦੀਆਂ ਰਾਜ-ਮੱਤੀਆਂ ਅੱਖਾਂ ਨੂੰ ਇਨ੍ਹਾਂ ਘਟਨਾਵਾਂ ਵਿਚੋਂ ਆਪਣੀ ਧਾਰਮਕ ਨੀਤੀ ਦੀ ਵਿਰੋਧਤਾ ਦਿੱਸੀ, ਸਿਧਾਂਤਕ ਤੌਰ ਤੇ ਵੀ ਅਤੇ ਅਮਲੀ ਤੌਰ ਤੇ ਵੀ। ਇਸ ਵਿਰੋਧਤਾ ਵਿਚ ਬਗ਼ਾਵਤ ਦੀ ਬੂ ਮਹਿਸੂਸ ਕੀਤੀ ਉਸ ਦੇ ਸ਼ਾਹੀ ਨੱਕ ਨੇ। ਇਹ ਵੀ ਸੰਸਾਰਕ ਰਾਜਨੀਤੀ ਦਾ ਅੰਗ ਹੈ ਕਿ ਜਦ ਵੀ ਕਿਸੇ ਮਹਾਂ ਪੁਰਸ਼ ਨੂੰ ਪਕੜਨਾ ਹੁੰਦਾ ਹੈ ਜਾਂ ਦੰਡ ਦੇਣਾ ਹੁੰਦਾ ਹੈ ਤਾਂ ਉਸ ਉਤੇ ਰਾਜਨੀਤਕ ਤੌਰ ਤੇ ਵੀ ਢੁੱਕਵਾਂ ਅਲਜ਼ਾਮ ਲਗਾਇਆ ਜਾਂਦਾ ਹੈ। ਆਪਣੀ ਕਾਰਵਾਈ ਨੂੰ ਯੋਗ ਕਰਾਰ ਦੇਣ ਲਈ ਹਰੇਕ ਹਕੂਮਤ ਇਹ ਨੀਤੀ ਅਪਣਾਉਂਦੀ ਆਈ ਹੈ। ਔਰੰਗਜ਼ੇਬ ਨੇ ਭੀ ਬਾਦਸ਼ਾਹੀ ਫ਼ਰਮਾਨ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ।

ਕੁਰਸੀ ਇਨਸਾਨ ਨੂੰ ਮਤਲਬ ਦੀ ਸਾਰੀ ਗੱਲ ਸਿਖਾ ਦਿੰਦੀ ਹੈ। ਔਰੰਗਜ਼ੇਬ ਤਾਂ ਵੈਸੇ ਭੀ ਬਹੁਤ ਚਾਲਾਕ ਤੇ ਚਾਤੁਰ ਸੀ। ਉਸ ਨੇ ਬਾਬਾ ਰਾਮ ਰਾਇ ਨੂੰ ਕਰਾਮਾਤਾਂ ਦੇ ਚੱਕਰ ਵਿਚ ਪਾ ਕੇ, ਚਾਪਲੂਸੀ ਕਰ ਕੇ ਗੁਰਮੁਖਤਾਈ ਦੇ ਪੰਧ ਤੋਂ ਉਖੇੜ ਦਿੱਤਾ। ਪਿਆਰ ਸਤਿਕਾਰ ਭਰੇ ਵਾਤਾਵਰਨ ਵਿੱਚ, ਗੱਲਬਾਤ ਰਾਹੀਂ ਇਹ ਹਥਿਆਰ ਗੁਰਦੇਵ ਉਤੇ ਭੀ ਚਲਾਇਆ। ਪਰ ਅਕਾਲ ਪੁਰਖ ਦੇ ਵਰੋਸਾਏ ਹੋਏ ਪੂਰਨ ਪੁਰਖ ਉਪਰ ਉਸ ਦਾ ਜਾਦੂ ਕਿਵੇਂ ਚਲ ਸਕਦਾ ਸੀ ? ਇਸ ਦਾ ਜ਼ਿਕਰ ਦਸਮ ਪਿਤਾ ਜੀ ਨੇ ਬਚਿੱਤ੍ਰ ਨਾਟਕ ਵਿਚ ਇਸ ਤਰ੍ਹਾਂ ਕੀਤਾ ਹੈ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥ (ਅਧਿ: ੫)

'ਪਾੜੋ ਤੇ ਰਾਜ ਕਰੋ' ਕੇਵਲ ਆਧੁਨਿਕ ਯੁਗ ਦੀ ਨੀਤੀ ਨਹੀਂ, ਇਸ ਦੀ ਵਰਤੋਂ ਮੁਗ਼ਲ ਸਾਮਰਾਜ ਨੇ, ਇਕ-ਪੁਰਖੀ ਰਾਜ ਦੇ ਹੁੰਚਿਆਂ ਵੀ ਕੀਤੀ। ਇਹ ਹੈਰਾਨੀ ਦੀ ਗੱਲ ਨਹੀਂ ਕਿ ਔਰੰਗਜ਼ੇਬ ਨੇ ਉਸ ਸਮੇਂ ਜਿਹੜੀ ਸਖ਼ਤੀ ਤੇ ਪਾਬੰਦੀ ਹਿੰਦੂਆਂ ਜਾਂ ਉਨ੍ਹਾਂ ਦੇ ਮੰਦਰਾਂ ਤੇ ਲਾਈ, ਉਹ ਬੰਦਸ਼ ਸਿੱਖਾਂ ਜਾਂ ਗੁਰਦੁਆਰਿਆਂ ਤੇ ਨਹੀਂ ਲਾਈ। ਹਜ਼ੂਰ ਨਾਲ ਕੀਤੇ ਬਚਨ ਬਿਲਾਸ ਵਿਚ ਸਿਖਾਂ ਤੇ ਮੁਸਲਮਾਨਾਂ ਦੀ ਸਾਂਝੀ-ਵਾਹਦ ਖ਼ੁਦਾ ਦੀ ਪ੍ਰਸਤਸ਼—ਤੇ ਹਿੰਦੂਆਂ ਦੀ ਬੁੱਤਪ੍ਰਸਤੀ ਦਾ ਚਰਚਾ ਭੀ ਸ਼ਾਮਲ ਸੀ। ਪਰ ਹਿੰਦੂ ਧਰਮ ਨਾਲ ਹਮਦਰਦੀ ਕਰਨ ਤੋਂ ਰੋਕਣ ਦਾ ਇਹ ਪ੍ਰਸਤਾਵ ਵੀ ਅਕਾਰਥ ਗਿਆ, ਕਿਉਂਕਿ ਗੁਰਦੇਵ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਫ਼ੁਰਮਾਇਆ ਕਿ ਗੁਰੂ ਨਾਨਕ ਦਾ ਦਰ, ਇਨਸਾਨੀਅਤ ਨਾਲ ਬੇਇਨਸਾਫ਼ੀ, ਮਜ਼੍ਹਬੀ ਗ਼ੁਲਾਮੀ, ਜੰਞੂ ਤੇ ਤਿਲਕਧਾਰੀ ਹਿੰਦੂ ਨਾਲ ਜਬਰ, ਮੰਦਰ ਤੇ ਲਾਈ ਪਾਬੰਦੀ ਤੇ ਰਾਜਸੀ ਤਾਕਤ ਨਾਲ ਧਰਮ ਪਰੀਵਰਤਣ ਦੇ ਵਿਰੁੱਧ ਹੈ ਤੇ ਇਨ੍ਹਾਂ ਸਭਨਾਂ ਦੀ ਰਖਵਾਲੀ ਲਈ ਵੱਡੀ ਤੋਂ ਵੱਡੀ ਕੀਮਤ ਅਦਾ ਕਰਨ ਲਈ ਤਿਆਰ ਹੈ।

ਆਪਣਾ ਮਿਸ਼ਨ ਅਧੂਰਾ ਤੱਕ ਕੇ ਔਰੰਗਜ਼ੇਬ ਦੀ ਮਲੇਛ ਆਤਮਾ ਵਿੱਚ ਕਹਿਰ ਦਾ ਗੁੱਸਾ ਤੇ ਫ਼ਤੂਰ ਦਾ ਤੂਫ਼ਾਨ ਉਤਪੰਨ ਹੋਇਆ ਤੇ ਸਿੱਟੇ ਵਜੋਂ ਸਖ਼ਤ ਰਵੱਈਆ ਅਪਣਾਉਣ ਦਾ ਫ਼ੈਸਲਾ ਕੀਤਾ। ਹਜ਼ੂਰ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਕੇ ਅਤਿਅੰਤ ਤਸੀਹੇ ਤੇ ਕਸ਼ਟ ਦੇਣ ਦਾ ਹੁਕਮ ਜਾਰੀ ਕਰਨਾ ਔਰੰਗਜ਼ੇਬ ਦੀ ਝੂਠੀ ਹੰਗਤਾ ਨੂੰ ਲੱਗੀ ਸੱਟ ਦਾ ਪਰਤੱਖ ਸਬੂਤ ਸੀ। ਬੇਦੋਸ਼ੇ, ਅਨਾਥ, ਨਿਆਸਰੇ ਤੇ ਦੁਖੀ ਪੁਰਸ਼ਾਂ ਦੇ ਧਰਮ ਨੂੰ ਬਚਾਉਣ ਹਿੱਤ ਗੁਰਦੇਵ ਜੀ ਨੇ ਆਪਣਾ ਸੀਸ ਕੁਰਬਾਨ ਕਰ ਕੇ ਕਮਾਲ ਦਾ ਧੀਰਜ, ਇਸਤਕਲਾਲ ਤੇ ਹੱਠ ਦਿਖਾਇਆ। ਇਸ ਦਾ ਸੰਕੇਤ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਇਨ੍ਹਾਂ ਸ਼ਬਦਾਂ ਦੁਆਰਾ ਦਿੱਤਾ ਹੈ—

ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥ ॥੧੪॥

(ਬਚਿਤ੍ਰ ਨਾਟਕ, ਅਧਿ: ੫)

ਜਾਨ ਨਿਛਾਵਰ ਕਰਨ ਲਈ ਧੁਰੋਂ ਵਰੋਸਾਏ ਪਰਵਾਨਤ ਤਿੰਨ ਗੁਰਸਿਖ ਸਤਿਗੁਰੂ ਜੀ ਦੇ ਸੰਗੀ ਸਨ, ਜਿਨ੍ਹਾਂ ਨੇ ਗੁਰਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਅੰਤਮ ਸਮੇਂ ਤੱਕ ਗੁਰਸਿਖ-ਪ੍ਰੀਤੀ ਤੋੜ ਨਿਭਾਈ। ਕੀ ਮਜਾਲ ਕਿ ਉਨ੍ਹਾਂ ਦੇ ਮਨਾਂ ਨੇ ਰੰਚਕ ਮਾਤਰ ਵੀ ਕਾਂਪ ਖਾਧੀ ਹੋਵੇ, ਜਾਂ ਹਾਇ ਦੀ ਆਵਾਜ਼ ਮੂੰਹੋਂ ਕੱਢੀ ਹੋਵੇ। ਧੰਨਤਾ ਯੋਗ ਹਨ ਪਾਤਸ਼ਾਹ ਜੀ ਦੇ ਪਿਆਰੇ ਸਿਦਕੀ ਸਿੱਖ, ਜਿਨ੍ਹਾਂ ਨੇ ਪ੍ਰੇਮ ਦੇ ਜਜ਼ਬੇ ਵਿਚ ਕਮੀ ਨਹੀਂ ਆਉਣ ਦਿੱਤੀ।

ਸਿਦਕ ਦਾ ਭਾਵ, ਸ਼ਰਧਾ, ਪਿਆਰ ਤੇ ਆਤਮ ਸਮਰਪਣ ਹੈ। ਪ੍ਰੀਖਿਆ ਸਮੇਂ ਸਿਦਕੀ ਸਿੱਖ, ਸਤਿਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ, ਪ੍ਰਭੂ ਦੀ ਰਜ਼ਾ ਵਿੱਚ ਆਪਣਾ ਤਨ, ਮਨ, ਧਨ ਵਾਰਨ ਵਿੱਚ ਕਦੇ ਸੰਕੋਚ ਨਹੀਂ ਕਰਦਾ, ਡੋਲਦਾ ਨਹੀਂ, ਘਬਰਾਉਂਦਾ ਨਹੀਂ, ਬਲਕਿ ਮੌਤ ਦਾ ਖਿੜੇ ਮੱਥੇ ਸਵਾਗਤ ਕਰਦਾ ਹੈ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ (੭੫੭)

ਦਾ ਅਮਲੀ ਰੂਪ ਭਾਈ ਸਤੀ ਦਾਸ ਨੇ ਕਰ ਵਿਖਾਇਆ, ਜਦ ਉਸ ਨੂੰ ਰੂੰ ਵਿਚ ਲਪੇਟ ਕੇ ਅਗਨੀ ਦੀ ਭੇਟ ਚੜ੍ਹਾਇਆ ਗਿਆ। ਦੁੱਖ ਵਿਚ ਸੁੱਖ ਮਨਾਉਣ, ਦੁੱਖ ਨੂੰ ਅੰਮ੍ਰਿਤ ਸਮ ਸਮਝਣ ਦਾ ਜੇ ਨਮੂਨਾ ਤੱਕਣਾ ਹੋਵੇ ਤਾਂ ਭਾਈ ਦਿਆਲੇ ਦੀ ਕਰਨੀ ਵਲ ਝਾਤ ਮਾਰੀਏ, ਜਿਸ ਨੇ ਉਬਲਦੇ ਪਾਣੀ ਵਿਚ ਆਪਣੇ ਸਰੀਰ ਦਾ ਮਾਸ ਆਲੂ ਦੇ ਛਿਲਕੇ ਵਾਂਗਰ ਵੱਖ ਕਰਵਾਇਆ, ਪਰ ਸੁਰਤੀ ਗੁਰ-ਚਰਨਾਂ ਵਿੱਚ ਲੀਨ ਰੱਖੀ। ਭਾਈ ਮਤੀ ਦਾਸ ਨੂੰ ਲੱਕੜੀ ਦੇ ਫੱਟਾਂ ਵਿਚ ਨੂੜ ਕੇ ਆਰੇ ਨਾਲ ਦੁਫਾਕੜ ਕਰਨ ਤੋਂ ਪਹਿਲਾਂ ਉਸ ਨੇ ਇਹੋ ਮੰਗ ਮੰਗੀ ਕਿ ਮੇਰਾ ਮੂੰਹ ਜੋਤੀ ਸਰੂਪ ਗੁਰਦੇਵ ਵਲ ਮੋੜ ਦਿਉ, ਤਾਕਿ ਸਨਮੁਖ ਦੀਦਾਰ ਕਰਦਿਆਂ ਕਰਵਤ ਦੇ ਦੰਦਿਆਂ ਦੀ ਆਉ ਭਗਤ ਕਰਾਂ ਤੇ ਪ੍ਰੀਤਮ ਜੀ ਨੂੰ ਕਰਵਟ ਨ ਦਿਖਾਵਾਂ–

ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥...
ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥੩੫॥

(ਆਸਾ ਕਬੀਰ ਜੀਉ, ੪੮੪)

ਹਜ਼ੂਰ ਦੇ ਪਾਵਨ ਨਾਮ ਵਿਚੋਂ ਦਿਵਯ ਜਯੋਤੀ ਸ਼ਖ਼ਸੀਅਤ ਦਾ ਝਲਕਾਰਾ ਡਲ੍ਹਕਾਂ ਮਾਰਦਾ ਹੈ। ਚੌਦ੍ਹਾਂ ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਜੰਗ ਸਮੇਂ ਤਲਵਾਰ ਦੇ ਜੌਹਰ ਤੇ ਅਲੌਕਿਕ ਕਰਤਬ ਵਿਖਾਉਣ ਕਰਕੇ ਆਪ ਜੀ ਤਿਆਗ ਮੱਲ ਤੋਂ ਤੇਗ ਬਹਾਦਰ ਦੇ ਸੁਭਾਗੇ ਨਾਮ ਨਾਲ ਸਸ਼ੋਭਤ ਹੋਏ। ਫ਼ਾਰਸੀ ਦੇ ਇਹ ਦੋਨੋ ਸ਼ਬਦ, ਅਰਸ਼ੀ ਤੇ ਬੀਰ ਰਸ ਗੁਣਾ ਦੀ ਸਾਕਾਰ ਮੂਰਤਿ ਪਹਿਲੀ ਵਾਰ ਆਪ ਜੀ ਦੀ ਹਸਤੀ ਨਾਲ ਜੁੜੇ। ਮਾਸੂਮ ਜਿੰਦੜੀਆਂ ਦੇ ਹਮਦਰਦ, ਹਕੂਮਤ ਦੀਆਂ ਧਮਕੀਆਂ ਤੋਂ ਬੇਬਾਕ, ਮਜ਼ਲੂਮਾਂ ਦੇ ਰਾਖੇ; ਅਨਾਥਾਂ ਦੀ ਬਾਂਹ, ਆਹਨੀ ਇਰਾਦੇ ਦੇ ਮਾਲਕ, ਚਿਹਰੇ ਤੇ ਨੂਰਾਨੀ ਚਮਕ ਦਮਕ, ਝੋਰਿਆਂ ਵਿਸੂਰਿਆਂ ਤੋਂ ਸੁਤੰਤਰ, ਮਨ ਵਿਚ ਸਦ-ਖੇੜਾ ਵਿਗਾਸ, ਸ਼ਮਸ਼ੀਰ ਦੇ ਧਨੀ, ਗੁਣੀ ਨਿਧਾਨ ਗੁਰੂ ਤੇਗ਼ ਬਹਾਦਰ ਸਾਹਿਬ ਦੇ ਕਿਹੜੇ ਕਿਹੜੇ ਗੁਣਾਂ ਨੂੰ ਇਨਸਾਨੀ ਜਿਹਬਾ ਕਥੇ, ਵਖਾਣੇ।

ਬ੍ਰਹਮ ਗਿਆਨ ਦੇ ਤੱਤਾਂ ਵਿਚ ਨਵੀਨਤਾ ਦਾ ਰੰਗ ਭਰ ਕੇ ਅਧਿਆਤਮਵਾਦ ਵਿਚ ਇਕ ਇਨਕਲਾਬੀ ਵਾਧਾ ਕੀਤਾ ਜਦ ਆਪ ਜੀ ਦੇ ਮੁਖਾਰਬਿੰਦ ਨੇ ਇਹ ਸਲੋਕ ਉਚਾਰਨ ਕੀਤਾ–

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (ਪੰਨਾ ੧੪੨੭)

ਆਪ ਜੀ ਦਾ ਇਹ ਉਪਦੇਸ਼ ਜਾਦੂ ਬਣ ਕੇ ਹਿਰਦਿਆਂ ਵਿਚ ਵਸ ਗਿਆ ਤੇ ਨਾਲ ਇਹ ਵੀ ਦ੍ਰਿੜ੍ਹ


www.AKJ.Org

ਕਰਾਇਆ ਕਿ ਬ੍ਰਹਮ ਗਿਆਨੀ ਦੀ ਆਤਮਾ ਪੱਥਰ ਵਾਂਗ ਕਠੋਰ ਨਹੀਂ, ਕਿ ਉਹ ਮਜ਼ਲੂਮਾਂ ਦੇ ਹੌਕਿਆਂ ਦੀਆਂ ਗਰਮ ਲਾਟਾਂ ਨਾਲ ਪਿਘਲੇ ਨਾ ਬਲਕਿ ਏਨੀ ਦ੍ਰਵ ਜਾਂਦੀ ਹੈ ਕਿ 'ਸੰਤਨ ਦੁਖ ਪਾਏ ਤੇ ਦੁਖੀ' ਵਾਲੀ ਅਵਸਥਾ ਇੰਨ ਬਿੰਨ ਵਾਪਰ ਜਾਂਦੀ ਹੈ, ਪਰ ਇਹ ਪਾਵਨ ਆਤਮਾ ਦੁਖੀ ਹੋ ਕੇ ਆਰਾਮ ਨਾਲ ਨਹੀਂ ਬਹਿੰਦੀ, ਬਲਕਿ ਦੁਖ-ਹਰਤਾ ਦੇ ਰੂਪ ਵਿਚ ਜਗਤ ਦੇ ਸਗਲੇ ਦੁਖ ਨਿਵਾਰਨ ਕਰਦੀ ਹੈ।

ਇਉਂ ਬ੍ਰਹਮ ਗਿਆਨੀ ਦੀ ਪ੍ਰੀਭਾਸ਼ਾ ਵਿਚ ਗਿਆਨ, ਠਰ੍ਹੰਮੇ, ਧੀਰਜ, ਸਿਦਕ ਆਦਿ ਨਾਲ ਬੀਰ ਰਸ ਦਾ ਰੰਗ ਵੀ ਸ਼ਾਮਲ ਕਰ ਦਿੱਤਾ, ਜਿਸ ਦੇ ਸਦਕੇ ਨਿਰਬਲ ਤੇ ਨਿਤਾਣੀ ਲੋਕਾਈ ਦੇ ਦਿਲਾਂ ਵਿਚੋਂ ਕਾਇਰਤਾ ਨੂੰ ਹੂੰਝ ਕੇ ਬਾਹਰ ਸੁੱਟ ਦੇਣਾ ਬ੍ਰਹਮ ਗਿਆਨੀ ਦਾ ਵਿਸ਼ੇਸ਼ ਧਰਮ ਬਣ ਗਿਆ। ਦਸਮ ਗ੍ਰੰਥ ਵਿਚ ਫ਼ੁਰਮਾਨ ਹੈ—

ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੪੨॥
ਸਵੈਯਾ (ਕ੍ਰਿਸ਼ਨਾਵਤਾਰ)

ਦੁਖੀਆਂ ਦੇ ਦਰਦਮੰਦ, ਬੇਗੁਨਾਹਾਂ ਦੇ ਹਿਤੈਸ਼ੀ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਮਲ ਵਿਚਾਰਧਾਰਾ, ਪਰਉਪਕਾਰੀ ਭਾਵਨਾ, ਸੁਹਿਰਦ ਮਨੋਬਿਰਤੀ ਤੇ ਬਿਬੇਕੀ ਨਿਰਭੈਤਾ ਨੇ ਜਿਹੜੀ ਕਰਮਸ਼ੀਲ ਭੂਮਿਕਾ ਨਿਭਾਈ, ਉਸ ਤੋਂ ਧਰਮ-ਯੁੱਧ ਦੇ ਸੰਘਰਸ਼ ਵਿਚ ਆਪਾ ਵਾਰਨ ਦੀ ਲਾ-ਜਵਾਬ ਸ਼ਹਾਦਤ ਦਾ ਮੁੱਢ ਬੱਝਾ। ਇਹ ਇਕ ਐਸਾ ਸਾਕਾ ਸੀ, ਜਿਸ ਵਿਚ ਗੁਰਸਿੱਖਾਂ ਨੇ ਪਹਿਲੀ ਵਾਰ, ਸਤਿਗੁਰੂ ਦੇ ਸਨਮੁੱਖ, ਪਾਵਨ ਹਜ਼ੂਰੀ ਵਿਚ ਦਿਲ-ਕੰਬਾਊ ਪ੍ਰੀਖਿਆ ਦੌਰਾਨ ਤਨ ਮਨ ਘੋਲ ਘੁਮਾ ਕੇ ਸੱਚੀ ਪ੍ਰੀਤੀ ਨਿਭਾਉਣ ਦੇ ਪੂਰਨੇ ਪਾਏ। ਕਲਗੀਧਰ ਪਾਤਸ਼ਾਹ ਨੇ ਇਸ ਸ਼ਹਾਦਤ ਦੀ ਉੱਚਤਾ ਦਾ ਵਰਨਣ ਆਪਣੇ ਸ਼ਬਦਾਂ ਵਿਚ ਇਉਂ ਕੀਤਾ ਹੈ—

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥੧੫॥ (ਬਚਿਤ੍ਰ ਨਾਟਕ, ਅਧਿ: ੫)

ਇਹੋ ਜਿਹੀ ਕਰਨੀ ਅੱਜ ਤਕ ਸੰਸਾਰ ਨੇ ਨਹੀਂ ਕੀਤੀ। ਸੱਚ ਦੇ ਪੁਜਾਰੀ ਦੀ ਸੱਚੀ ਆਵਾਜ਼ ਪੁਕਾਰਦੀ ਹੈ ਕਿ ਅਮਰ ਸ਼ਹਾਦਤ ਦੀ ਇਹ ਇਤਿਹਾਸਕ ਯਾਦਗਾਹ ਚਾਨਣ-ਮੁਨਾਰੇ ਦੇ ਰੂਪ ਵਿਚ ਗੁਰਸਿੱਖਾਂ ਨੂੰ ਅਣਖੀ ਜੀਵਨ ਜੀਉਣ ਲਈ ਪ੍ਰੇਰਤ ਕਰਦੀ ਆਈ ਹੈ ਤੇ ਪ੍ਰੇਰਤ ਕਰਦੀ ਰਹੇਗੀ। ਸਾਰਾ ਭਾਰਤ ਇਸ ਕੁਰਬਾਨੀ ਦਾ ਰਿਣੀ ਹੈ। ਇਹ ਨਿਰੋਲ ਪ੍ਰੇਮ ਦਾ ਸੌਦਾ ਹੈ, ਜਿਸ ਦਾ ਕਰਜ਼ਾ ਉਤਾਰਨਾ ਬਹੁਤ ਕਠਨ ਹੈ।

---

[੧੪ ਸਫ਼ੇ ਦੀ ਬਾਕੀ]

ਸਾੜਿਆ ਗਿਆ, ਪਰ ਉਨ੍ਹਾਂ ਧਰਮ ਨਾ ਹਾਰਿਆ। ਪਿਆਰੇ ਵੀਰਾਂ ਨੂੰ ਪ੍ਰਸ਼ਾਦਾ ਛਕਾਉਣ ਲਈ ਸੂਕਦੀ ਆਉਂਦੀ ਗੱਡੀ ਨੂੰ ਖਲ੍ਹਾਰਨ ਲਈ ਰੇਲ ਦੀ ਪਟੜੀ ਤੇ ਵਿੱਛ ਜਾਣਾ ਕੇਵਲ ਗੁਰੂ-ਸਿੱਖਾਂ ਦਾ ਹੀ ਕਰਤੱਵ ਹੈ। ਗੁਰਦੁਆਰਿਆਂ ਤੇ ਦੇਸ਼ ਦੀ ਆਜ਼ਾਦੀ ਖ਼ਾਤਰ ਦੇਸ਼ ਵਿਚ ਤੇ ਦੇਸ਼ ਤੋਂ ਬਾਹਰ ਅਨੇਕਾਂ ਕਸ਼ਟ ਸਹਿ ਕੇ ਫਾਸੀਆਂ ਦੇ ਰੱਸੇ ਚੁੰਮਣੇ, ਤੋਪਾਂ ਅੱਗੇ ਛਾਤੀਆਂ ਡਾਹ ਦੇਣੀਆਂ, ਬੀ. ਟੀ. ਦੀਆਂ ਡਾਂਗਾਂ ਖਾਣੀਆਂ, ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਵਿਚ ਸ਼ਹੀਦੀਆਂ ਪ੍ਰਾਪਤ ਕਰਨੀਆਂ, ਨਨਕਾਣਾ ਸਾਹਿਬ ਤੇ ਗੰਗ-ਸਰ ਵਿਚ ਗੋਲੀਆਂ ਦਾ ਨਿਸ਼ਾਨਾ ਬਣਨਾ, ਪੰਜਾਬੀ ਸੂਬਾ ਤੇ ਧਰਮ-ਯੁੱਧ ਮੋਰਚਿਆਂ ਵਿਚ ਹੱਸ ਹੱਸ ਕੁਰਬਾਨੀਆਂ ਦੇਣੀਆਂ ਕੇਵਲ ਸਿੱਖਾਂ ਦੇ ਹਿੱਸੇ ਹੀ ਆਇਆ ਹੈ, ਕਿਉਂਕਿ ਉਨ੍ਹਾਂ ਦੇ ਜਨਮ-ਦਾਤਾ ਦਸਮੇਸ਼ ਪਾਤਸ਼ਾਹ ਨੇ ਪਹਿਲੋਂ ਸਰਬੰਸ ਵਾਰ ਕੇ ਪੂਰਨੇ ਪਾਏ ਹੋਏ ਸਨ। ਉਨ੍ਹਾਂ ਪੂਰਨਿਆਂ ਤੇ ਚਲਦਿਆਂ ਅੱਜ ਕੌਮ ਨੂੰ ਤਿੰਨ ਸੌ ਸਾਲਾਂ ਦਾ ਸਮਾਂ ਹੋ ਗਿਆ ਹੈ, ਪਰ ਵਿਰਸੇ ਵਿਚ ਮਿਲੀ ਸ਼ਹਾਦਤ ਦੀ ਜਾਇਦਾਦ ਨੂੰ ਸਿੰਘਾਂ ਮੁਕਾਇਆ ਨਹੀਂ ਸਗੋਂ ਨੇਕ ਸਪੁੱਤਰਾਂ ਵਾਂਗ ਇਸ ਵਿਚ ਵਾਧਾ ਹੀ ਕੀਤਾ ਹੈ। ਸ਼ਹਾਦਤ ਸਿੰਘਾਂ ਦਾ ਵਿਰਸਾ ਹੈ।


www.AKJ.Org

# 'ਸ਼ਹਾਦਤ' ਸਿੰਘਾਂ ਦਾ ਵਿਰਸਾ ਹੈ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਊਰਾ, 162-ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਸ਼ਹਾਦਤ ਅਤਿਆਚਾਰ ਵਿਰੁੱਧ ਸਤਿਆਚਾਰ ਦਾ ਨਾਂ ਹੈ। ਇਸ ਸਤਿਆਚਾਰ ਵਿਚ ਨਿਰਭੈਤਾ ਵੀ ਹੈ ਤੇ ਨਿਰਵੈਰਤਾ ਵੀ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਨੂੰ ਜਿਥੇ ਤਰੈਕਾਲ ਸੱਚ ਆਖਿਆ ਉਥੇ ਉਸ ਨੂੰ ਨਿਰਭਉ ਤੇ ਨਿਰਵੈਰ ਵੀ ਆਖਿਆ ਹੈ। ਸ਼ਹਾਦਤ ਦਾ ਚਾਹਵਾਨ ਵਿਅਕਤੀ ਅਕਾਲ-ਪੁਰਖ ਨੂੰ ਅੰਗ-ਸੰਗ ਜਾਣ ਕੇ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ। ਇਸੇ ਹਾਲਤ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ "ਨਿਰਬਾਨ ਪਦ" ਆਖਿਆ ਹੈ। ਆਪ ਦਾ ਫੁਰਮਾਨ ਹੈ–

ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ.. ॥੨॥ (ਪੰਨਾ ੨੧੯)

ਗੁਰਮਤਿ ਸਿਧਾਂਤ ਅਨੁਸਾਰ "ਨਿਰਬਾਨ ਪਦ" ਜੀਵਨ-ਮੁਕਤ ਹੋਣ ਦੀ ਉਹ ਹਾਲਤ ਹੈ ਜਿਸ ਵਿਚ ਨਿਰਭੈ ਸ਼ਕਤੀ ਦੀ ਜਵਾਲਾ ਹੀ ਨਹੀਂ ਜੱਗਦੀ, ਸਗੋਂ ਨਿਰਵੈਰ ਬਿਰਤੀ ਦਾ ਪ੍ਰਕਾਸ਼ ਵੀ ਹੁੰਦਾ ਹੈ।

ਜਦੋਂ ਵਿਅਕਤੀ ਆਪਣੇ ਆਪ ਨੂੰ ਅਕਾਲਪੁਰਖ ਦੀ ਅੰਸ਼ ਮੰਨ ਲੈਂਦਾ ਹੈ ਉਦੋਂ ਉਸ ਵਿਚ ਅਥਾਹ ਸ਼ਕਤੀ ਦਾ ਨਿਰਮਾਣ ਹੋ ਜਾਂਦਾ ਹੈ, ਜੋ ਉਸ ਨੂੰ ਨਿਰਭੈ ਯੋਧਾ ਬਣਾ ਦੇਂਦੀ ਹੈ। ਇਸ ਨਿਰਭੈਤਾ ਵਿਚ ਜਦੋਂ ਨਿਰਵੈਰਤਾ ਸ਼ਾਮਲ ਹੋ ਜਾਵੇ ਤਾਂ ਉਹ ਸਹੀ ਅਰਥਾਂ ਵਿਚ ਸ਼ਹੀਦੀ ਪ੍ਰਾਪਤ ਕਰਨ ਦੇ ਯੋਗ ਹੋ ਜਾਂਦਾ ਹੈ। ਫੇਰ ਉਹ ਹੱਸ ਹੱਸ ਸਿਰ ਤਲੀ ਤੇ ਰੱਖ ਕੇ ਆਪਣੇ ਪਿਆਰੇ ਦੀ ਗਲੀ ਵਿਚ ਜਾਣ ਦਾ ਚਾਹਵਾਨ ਹੁੰਦਾ ਹੈ। ਇਸ ਮਾਰਗ ਤੇ ਚਲਣ ਨਾਲ ਜੋ ਅਹਿਸਾਸ ਪੈਦਾ ਹੁੰਦਾ ਹੈ, ਉਸ ਦੀ ਪੂਰਤੀ ਲਈ ਸਿਰ ਦੇਣ ਲਗਿਆਂ ਜਾਂ ਬੰਦ ਬੰਦ ਕਟਵਾਉਣ ਲਗਿਆਂ ਮੌਤ ਦਾ ਭੈ ਨਹੀਂ ਰਹਿੰਦਾ। ਫਿਰ ਸਿਰ ਤੇ ਰਖਿਆ ਆਰਾ ਪਿਆਰਾ ਲੱਗਦਾ ਹੈ ਤੇ ਉਬਲਦੀ ਦੇਗ ਵਿਚ ਬੈਠਣ ਤੇ ਵੀ ਮੂੰਹ 'ਚੋਂ "ਸੀ" ਨਹੀਂ ਨਿਕਲਦੀ; ਸਗੋਂ ਸਤਿਨਾਮ 'ਵਾਹਿਗੁਰੂ' ਨਿਕਲਦਾ ਹੈ।

ਜਦੋਂ "ਸੱਚ" ਨੂੰ ਵੰਗਾਰਿਆ ਜਾਂਦਾ ਹੈ ਤਾਂ ਕਿਸੇ ਈਸਾ ਨੂੰ ਸੂਲੀ ਚੜ੍ਹਨਾ ਪੈਂਦਾ ਹੈ। ਜਦੋਂ "ਗਿਆਨ" ਦਾ ਤ੍ਰਿਸਕਾਰ ਹੋਵੇ ਤਾਂ ਕਿਸੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣਾ ਪੈਂਦਾ ਹੈ। ਜਦੋਂ "ਸਤਿ, ਸੰਤੋਖ ਤੇ ਗਿਆਨ" ਨੂੰ ਚੁਣੌਤੀ ਦਿਤੀ ਜਾਵੇ ਤੇ ਬੇ-ਰਹਿਮੀ ਨਾਲ ਮਜ਼ਲੂਮਾ ਨੂੰ ਧਰਮ ਬਦਲਣ ਲਈ ਮਜਬੂਰ ਕੀਤਾ ਜਾਵੇ ਤਾਂ "ਸਾਕਾ" ਕਰਨ ਲਈ ਕਿਸੇ ਮਹਾਂਪੁਰਸ਼ ਨੂੰ ਚੌਂਕ ਵਿਚ ਸੀਸ ਦੇਣਾ ਪੈਂਦਾ ਹੈ। ਇਹ ਸਭ ਕੁਝ ਤਾਂ ਹੁੰਦਾ ਹੈ ਤੇ ਕਰਨਾ ਪੈਂਦਾ ਹੈ ਤਾਕਿ ਮਨੁੱਖਤਾ ਦਾ ਵਿਕਾਸ ਰੁਕੇ ਨਾ, ਮਨੁੱਖਤਾ ਦਾ ਵਿਨਾਸ਼ ਨਾ ਹੋ ਜਾਏ, ਸਗੋਂ ਧਰਮ ਦੀ ਮੁਖਧਾਰਾ ਤੋਂ ਨਿਕਾਸ ਜਾਰੀ ਰਹੇ।

ਸਿੱਖ-ਸ਼ਹਾਦਤ ਦੀ ਵਿਸ਼ੇਸ਼ਤਾਈ ਤੇ ਵਿਲਖੱਣਤਾ ਇਹ ਹੈ ਕਿ ਉਸ ਨੇ ਪੂਰਨ ਪਰਿਵਰਤਨ ਲਈ ਭੂਮੀ ਤਿਆਰ ਕੀਤੀ ਹੈ।

ਭਾਰਤੀ ਇਤਿਹਾਸ ਵਿਚ ਇੱਕਾ ਦੁੱਕਾ ਗਾਥਾਵਾਂ ਨੂੰ ਛਡ ਕੇ ਪਹਿਲੀ ਵਾਰ ਸਿੱਖ ਲਹਿਰ ਨੇ ਹੀ ਸ਼ਹੀਦੀਆ ਦੀ ਪਰੰਪਰਾ ਤੋਰੀ। ਸਿੱਖ-ਲਹਿਰ ਨੇ ਮੱਧ-ਕਾਲੀਨ ਵੰਗਾਰ ਦਾ ਟਾਕਰਾ ਕਰਨ ਲਈ "ਸੰਪੂਰਨ ਇਨਕਲਾਬ" ਦਾ ਰਸਤਾ ਚੁਣਿਆ। ਰਾਜਪੂਤ ਤੇ ਮਰਹੱਟਾ ਲਹਿਰਾ ਦਾ ਮਨੋਰਥ ਕੇਵਲ ਖੇਤਰੀ-ਰਾਜਨੀਤਕ ਸੱਤਾ ਪ੍ਰਾਪਤ ਕਰਨਾ ਹੀ ਸੀ, ਪਰ ਆਰਨੋਲਡ ਟਾਇਨਬੀ ਦੇ ਕਥਨ ਅਨੁਸਾਰ "ਸਿੱਖ ਲਹਿਰ ਵਿਚ ਰਾਜ ਤੇ ਧਰਮ ਦੇ ਵਿਆਪਕ ਬੀਜ ਮੌਜੂਦ ਹਨ"। ਸਿੱਖ ਲਹਿਰ ਭਗਤੀ ਪਰੰਪਰਾ ਦੀ ਉਦਾਸੀਨ-ਰੁਚੀ ਦਾ ਖੰਡਨ ਕਰਦੀ ਹੈ ਤੇ ਸਮੇਂ ਦੀ ਵੰਗਾਰ ਦਾ ਆਸ਼ਾਵਾਦੀ ਢੰਗ ਨਾਲ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ।

"ਖਾਲਸਾ-ਪਰਜਾਤੰਤਰ" ਵਿਚ ਕਿਸੇ ਵਿਅਕਤੀ ਦਾ ਦੇਸ਼, ਕੌਮ ਜਾਂ ਰਾਸ਼ਟਰ ਵੱਲ ਹੀ ਉਸਦਾ



www.AKJ.Org

ਕਰਤੱਵ ਨਿਸ਼ਚਿਤ ਨਹੀਂ ਕੀਤਾ ਗਿਆ, ਸਗੋਂ ਦੇਸ਼, ਕੌਮ ਤੇ ਰਾਸ਼ਟਰ ਦੇ ਵਿਅਕਤੀ ਪ੍ਰਤੀ ਕਰਤੱਵ ਦਾ ਉਲੇਖ ਵੀ ਕੀਤਾ ਗਿਆ ਹੈ! ਗੁਰੂ ਅਰਜਨ ਸਾਹਿਬ ਨੇ ਹਲੇਮੀ ਰਾਜ ਦਾ ਮਨੋਰਥ-ਪੱਤਰ ਪ੍ਰਕਾਸ਼ਿਤ ਕਰਦਿਆਂ ਹੋਇਆਂ ਲਿਖਿਆ ਹੈ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (ਪੰਨਾ ੭੪)

"ਹਲੇਮੀ ਰਾਜ" ਦੇ ਘੋਸ਼ਣਾ-ਪੱਤਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਹਰ ਵਿਅਕਤੀ ਦਾ ਇਹ ਵਿਸ਼ੇਸ਼ ਹੱਕ ਹੈ ਕਿ ਉਹ ਮਜ਼ਬੀ ਨਿਸ਼ਚੇ ਅਨੁਸਾਰ ਆਪਣੇ ਧਾਰਮਿਕ ਚਿੰਨ੍ਹ ਧਾਰਨ ਕਰਨ ਦਾ ਮੁੱਢਲਾ ਹੱਕ ਰੱਖਦਾ ਹੈ ਤੇ ਉਸ ਦੀ ਇਸ ਮੁੱਢਲੀ ਆਜ਼ਾਦੀ ਨੂੰ ਕਿਸੇ ਵੀ ਹਾਲਤ ਵਿਚ ਸ਼ਕਤੀ ਵਲੋਂ ਜ਼ੋਰ, ਲਾਲਚ ਜਾਂ ਕਿਸੇ ਹੋਰ ਢੰਗ ਨਾਲ ਖੋਹਣ ਦਾ ਕੋਈ ਅਧਿਕਾਰ ਨਹੀਂ। ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਨਾਮ-ਲੇਵਾ ਸਿੱਖਾਂ ਦੀਆਂ ਸ਼ਹਾਦਤਾਂ ਇਸੇ ਮੁੱਢਲੀ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਚੁਕੇ ਗਏ ਇਨਕਲਾਬੀ ਕਦਮਾਂ ਦੀ ਹੀ ਕੜੀ ਸੀ। ਇਹੋ ਹੀ ਕਾਰਣ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਤੇ ਜੰਞੂ ਵਿਚ ਵਿਸ਼ਵਾਸ ਨਾ ਰੱਖਣ ਦੇ ਬਾਵਜੂਦ ਵੀ, ਕਸ਼ਮੀਰ ਦੇ ਬ੍ਰਾਹਮਣਾਂ ਦੀ ਆਪਣੇ ਧਰਮ ਦੇ ਅਕੀਦੇ ਅਨੁਸਾਰ ਇਨ੍ਹਾਂ ਚਿੰਨ੍ਹਾਂ ਦੇ ਪ੍ਰਯੋਗ ਕਰਨ ਦੇ ਮੁੱਢਲੇ ਹੱਕ ਤੋਂ ਉਨ੍ਹਾਂ ਨੂੰ ਵੰਚਿਤ ਕਰਨ ਦੇ ਸੰਦਰਭ ਵਿਚ ਉਨ੍ਹਾਂ ਨੇ ਖ਼ੁਸ਼ੀ ਨਾਲ ਸ਼ਹੀਦੀ ਦਿਤੀ। ਇਸ ਤੋਂ ਪਹਿਲਾਂ ਤਾਨਾਸ਼ਾਹੀ ਸਾਮਰਾਜ ਵਲੋਂ ਮਨਵਾਈਆਂ ਜਾਣ ਵਾਲੀਆਂ ਸ਼ਰਤਾਂ ਨੂੰ ਚੁਣੌਤੀ ਦੇ ਕੇ ਗੁਰੂ ਅਰਜਨ ਸਾਹਿਬ ਨੇ ਅਕਹਿ ਤੇ ਅਸਹਿ ਕਸ਼ਟ ਝੱਲ ਕੇ ਸ਼ਹੀਦੀ ਦੇ ਕੇ ਜਿਥੇ ਸ਼ਹਾਦਤ ਦਾ ਰਾਹ ਖੋਲ੍ਹ ਦਿਤਾ ਸੀ ਉਥੇ ਆਪਣੇ ਸਿੱਖਾਂ ਨੂੰ ਜ਼ੁਲਮ ਦੇ ਵਿਰੁਧ ਕੁਰਬਾਨੀ ਦੇਣ ਦੀ ਜਾਚ ਵੀ ਸਿਖਾ ਦਿਤੀ ਸੀ। ਇਸ ਦਾ ਪ੍ਰਮਾਣ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਾਮਰਾਜ ਵਿਰੁੱਧ ਲੜੀਆਂ ਲੜਾਈਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੁਨਹਿਰੀ ਮਿਸ਼ਨ ਨੂੰ ਪ੍ਰਗਟਾਉਂਦੇ ਹੋਇ ਬੜੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ "ਧਰਮ-ਚਲਾਵਨ ਸੰਤ ਉਬਾਰਨ"* ਤੇ ਨਾਲ ਹੀ ਇਹ ਵੀ ਦਸਿਆ ਕਿ ਇਸ ਕਾਰਜ ਦੀ ਪ੍ਰਾਪਤੀ ਲਈ ਲੋੜ ਪੈਣ ਤੇ "ਦੁਸ਼ਟ ਦੋਖੀਅਨ ਪਕਰਿ ਪਛਾਰੋ"* ਵਾਲੀ ਨੀਤੀ ਅਪਨਾਉਣ ਤੋਂ ਸੰਕੋਚ ਵੀ ਨਹੀਂ ਕਰਨਾ। ਇਹੋ ਹੀ ਕਾਰਣ ਹੈ ਕਿ "ਧਰਮ ਯੁੱਧ" ਦੇ ਸੰਬੰਧ ਵਿਚ ਕਦੀ ਵੀ ਅਵਸਰ ਆ ਬਣੇ, ਗੁਰੂ ਦੇ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਕਦੇ ਵੀ ਸੰਕੋਚ ਨਹੀਂ ਕਰਦੇ। ਉਹ ਕੁਰਬਾਨੀ ਚਮਕੌਰ ਦੇ ਯੁੱਧ ਵਿਚ ਸਾਹਿਬਜ਼ਾਦਿਆਂ ਦੀ ਹੋਵੇ ਜਾਂ ਮੁਕਤਸਰ ਦੇ ਯੁੱਧ ਵਿਚ ਚਾਲੀ ਮੁਕਤਿਆਂ ਦੀ। ਅਥਵਾ ਗੁਰਦੁਆਰਿਆਂ ਦੇ ਸਤਿਕਾਰ ਨੂੰ ਕਾਇਮ ਰੱਖਦਿਆਂ "ਰਕਾਬ ਗੰਜ ਦੀ ਕੰਧ" ਦੀ ਹੋਵੇ ਜਾਂ ਹਰਿਮੰਦਰ ਸਾਹਿਬ ਤੇ ਪਵਿੱਤਰ ਸਰੋਵਰ ਦੀ ਬੇਅਦਬੀ ਵਿਰੁੱਧ ਟੱਕਰ ਲੈਣ ਦੀ। ਅਸੂਲ ਤੇ ਧਰਮ ਦੀ ਰਾਖੀ ਖ਼ਾਤਰ ਬੰਦ ਬੰਦ ਕਟਵਾਉਣ ਦੀ ਅਦੁੱਤੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲੇਗੀ, ਕੇਵਲ ਹਰਿਮੰਦਰ ਸਾਹਿਬ ਦੇ ਗ੍ਰੰਥੀ ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਹੀ ਅਜਿਹਾ ਕਰ ਸਕਣ ਦੀ ਸਮਰੱਥਾ ਰੱਖਦੇ ਸਨ।

ਇਸ ਸ਼ਹਾਦਤ ਦੇ ਸੁਆਦ ਨੇ ਕੋਈ ਐਸੀ ਨਿਰਭੈਤਾ ਪੈਦਾ ਕਰ ਦਿਤੀ ਸੀ ਕਿ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਰੰਬੀਆਂ ਨਾਲ ਖੋਪਰੀਆਂ ਉਤਰਵਾ ਲੈਣਾ ਤੇ ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂੰਬਾ ਹੋ ਜਾਣਾ ਇਕ ਖੇਡ ਬਣ ਗਈ ਸੀ। ਮਾਸੂਮ ਬੱਚਿਆਂ ਦੇ ਟੋਟ ਕਰਾ ਕੇ ਮਾਵਾਂ ਗਲਿਆਂ ਵਿਚ ਉਨ੍ਹਾਂ ਦੇ ਹਾਰ ਪਵਾ ਲੈਣ ਵਿਚ ਫ਼ਖਰ ਮਹਿਸੂਸ ਕਰਦੀਆਂ ਸਨ, ਪਰ ਧਰਮ ਹਾਰਨ ਤੇ ਮੁੱਖ ਤੋਂ 'ਸੀ' ਕਰਨ ਬਾਰੇ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ। ਸਿੱਖਾਂ ਦੇ ਸਿਰਾਂ ਦੇ ਟਿੱਲੇ ਉਸਾਰੇ ਗਏ, ਖੋਪਰੀਆਂ ਨੀਹਾਂ ਵਿਚ ਪਾ ਕੇ ਦਬਾ ਦਿਤੀਆਂ ਗਈਆਂ, ਉਨ੍ਹਾਂ ਨੂੰ ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ, ਤੇਲ ਦੇ ਕੜਾਹਿਆਂ ਵਿਚ

* ਬਚਿਤ੍ਰ ਨਾਟਕ, ਅਧਿ: ੭, ਅੰਕ ੪੩,੪੨

[ਬਾਕੀ ਦੇਖੋ ਪੰਨਾ ੧੨ ਹੇਠ]



www.AKJ.Org

# ਅਦੁਤੀ ਸ਼ਹਾਦਤ

[ਸ: ਜਸਵੰਤ ਸਿੰਘ 'ਅਜੀਤ', ਸੰਪਾਦਕ 'ਸੀਸ ਗੰਜ', ਦਿਲੀ]

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾ ਜਾਣ ਤੋਂ ਪਿਛੋਂ, ਹੁਣ ਗੁਰੂ ਨਾਨਕ ਦੇਵ ਜੀ ਦੀ ਜਗਾਈ ਜੋਤਿ ਦੀ ਰੋਸ਼ਨੀ ਨੂੰ ਫੈਲਾਣ ਦੀ ਜ਼ਿੰਮੇਵਾਰੀ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਰ ਤੇ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਅ ਜਾਣ ਮਗਰੋਂ ਬਕਾਲੇ ਵਿਖੇ ਬੈਠ ਕੇ ਦੇਸ਼ ਦੇ ਸਾਰੇ ਹਾਲਾਤ ਦਾ ਜਾਇਜ਼ਾ ਲੈ ਰਹੇ ਸਨ ਤੇ ਵਧਦੇ ਜ਼ੁਲਮ ਅਤੇ ਅਨਿਆਂ ਨੂੰ ਖ਼ਤਮ ਕਰਨ ਦੇ ਉਪਾਅ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਸਨ, ਗੁਰੂ ਨਾਨਕ ਦੇਵ ਜੀ ਦੀ ਜੋਤਿ ਪ੍ਰਵੇਸ਼ ਕਰਨ ਦੇ ਨਾਲ ਹੀ ਉਹਨਾਂ ਨੇ ਬਕਾਲਾ ਛਡ ਕੇ ਸਿਰ ਤੇ ਆਈ ਜ਼ਿੰਮੇਵਾਰੀ ਨੂੰ ਖ਼ੁਸ਼ੀ ਨਾਲ ਕਬੂਲ ਲਿਆ। ਸਾਰੇ ਦੇਸ਼ ਵਿਚ ਉਹਨਾਂ ਦੀ ਆਵਾਜ਼ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ"* ਗੂੰਜ ਉਠੀ।

ਉਧਰ ਔਰੰਗਜ਼ੇਬੀ ਜ਼ੁਲਮ ਇੰਨਤਹਾ ਤਕ ਪੁਜ ਗਿਆ। ਔਰੰਗਜ਼ੇਬ ਨੂੰ ਆਪਣੇ ਕਾਰਨਾਮੇ ਦਿਖਾਉਣ ਲਈ, ਔਰੰਗਜ਼ੇਬੀ ਰਾਜ ਦੇ ਵੱਖ ਵੱਖ ਪ੍ਰਾਂਤਾਂ ਦੇ ਹਾਕਮਾਂ ਨੇ ਕਟੜ ਸ਼ਰਈ ਨੀਤੀ ਧਾਰ ਲਈ। ਉਹਨਾਂ ਨੇ ਸਾਰੇ ਧਾਰਮਕ ਤਕਾਜ਼ੇ ਛਿਕੇ ਤੇ ਟੰਗ ਕੇ ਜ਼ੁਲਮ, ਜ਼ੋਰ ਅਤੇ ਜ਼ਰ ਦੀ ਮਦਦ ਨਾਲ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣ ਦਾ ਬੀੜਾ ਚੁਕ ਲਿਆ। ਕਿਉਂਕਿ ਦੇਸ਼ ਵਿਚ ਉਸ ਸਮੇਂ ਗ਼ੈਰ-ਮੁਸਲਮਾਨ ਹਿੰਦੂ ਹੀ ਸਨ, ਇਸ ਲਈ ਇਹ ਸਾਰਾ ਜ਼ੁਲਮ ਹਿੰਦੂਆਂ ਤੇ ਹੀ ਹੋਣ ਲਗਾ। ਕੁਝ ਹਿੰਦੂ ਸ਼ਾਹੀ-ਸਹੂਲਤਾਂ ਪ੍ਰਾਪਤ ਕਰਨ ਲਈ, ਕੁਝ ਧਨ ਦੌਲਤ ਦੀ ਪ੍ਰਾਪਤੀ ਲਈ, ਕੁਝ ਜ਼ੁਲਮ ਨਾ ਸਹਿ ਸਕਣ ਦੇ ਕਾਰਨ ਅਤੇ ਕੁਝ ਦਬਾਅ ਵਿੱਚ ਆ ਕੇ ਧਰਮ ਬਦਲਣ ਲਗ ਪਏ। ਜੋ ਬਾਕੀ ਬਚ ਰਹੇ, ਉਹਨਾਂ ਪੁਰ ਜ਼ੁਲਮ ਦੀ ਚਕੀ ਤੇਜ਼ੀ ਨਾਲ ਚਲਣ ਲਗ ਪਈ।

ਕਸ਼ਮੀਰ ਦੇ ਬ੍ਰਾਹਮਣ ਆਪਣੀ ਵਿਦਵਤਾ ਦੇ ਲਈ ਦੇਸ਼ ਭਰ ਵਿੱਚ ਪ੍ਰਸਿੱਧ ਸਨ। ਉਹਨਾਂ ਪੁਰ ਜਦੋਂ ਔਰੰਗਜ਼ੇਬੀ ਜ਼ੁਲਮ ਦਾ ਚੱਕਰ ਅਰੰਭ ਹੋਇਆ ਤਾਂ ਉਹਨਾਂ ਨੇ ਛੇ ਮਹੀਨੇ ਦੀ ਮੁਹਲਤ ਮੰਗੀ ਅਤੇ ਹਿੰਦੂਆਂ ਦੀ ਪਤੀਨਿਧਤਾ ਕਰਨ ਦਾ ਦਮ ਭਰਨ ਵਾਲੇ ਰਾਜਪੂਤ ਰਾਜਿਆਂ ਦੇ ਦਰਵਾਜ਼ੇ ਖੜਕਾਉਣ ਲਈ ਤੁਰ ਪਏ।

ਰਾਜਪੂਤ ਰਾਜੇ ਕੰਨ ਵਲ੍ਹੇਟ ਕੇ ਇਕ ਪਾਸੇ ਹੋ ਗਏ, ਕਿਸੇ ਨੇ ਰੁਝੇ ਹੋਣ ਦਾ ਬਹਾਨਾ ਕਰਕੇ ਮਿਲਣ ਤੋਂ ਇਨਕਾਰ ਕਰ ਦਿਤਾ ਅਤੇ ਕਿਸੇ ਸ਼ਾਹੀ ਤਖ਼ਤ ਨਾਲ ਟੱਕਰ ਲੈਣ ਵਿਚ ਆਪਣੇ ਆਪ ਨੂੰ ਮਜਬੂਰ ਦਸਿਆ। ਕਿਸੇ ਨੇ ਕਿਹਾ, ਅਸੀਂ ਆਪਣੀਆਂ ਰਿਆਸਤਾਂ ਬਚਾਣ ਦੀ ਫ਼ਿਕਰ ਵਿਚ ਹਾਂ, ਤੁਹਾਡੀ ਮਦਦ ਕੀ ਕਰੀਏ। ਮਤਲਬ ਇਹ ਕਿ ਜਿਸ ਕਿਸੇ ਦਾ ਉਹਨਾਂ ਨੇ ਦਰਵਾਜ਼ਾ ਖੜਕਾਇਆ, ਉਸੇ ਨੇ ਆਪਣਾ ਆਪ ਬਚਾਅ ਲਿਆ।

ਅੰਤ ਨਿਰਾਸ਼ ਹੋ ਕੇ ਜਦੋਂ ਕਸ਼ਮੀਰੀ ਪੰਡਤ ਵਾਪਸ ਮੁੜਨ ਲਗੇ ਤਾਂ ਕਿਸੇ ਦਸ ਪਾਈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ, ਇਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਗਮਗਾ ਰਹੀ ਹੈ, ਉਸ ਤੋਂ ਤੁਸੀਂ ਆਸ ਕਰ ਸਕਦੇ ਹੋ ਕਿ ਉਹ ਤੁਹਾਡੇ ਰਾਹ ਨੂੰ ਰੌਸ਼ਨ ਕਰ ਦੇਵੇਗੀ।

ਨਿਰਾਸ਼ ਬ੍ਰਾਹਮਣ ਸ੍ਰੀ ਅਨੰਦਪੁਰ ਸਾਹਿਬ ਵਲ ਮੁੜ ਪਏ। ਉਥੇ ਪੁਜ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਹਾਜ਼ਰੀ ਭਰੀ ਤੇ ਦੁਖ ਭਰੀ ਵਿਥਿਆ ਆ ਸੁਣਾਈ।

ਗੁਰੂ ਸਾਹਿਬ, ਜੋ ਸਾਰੇ ਹਾਲਾਤ ਤੋਂ ਚੰਗੀ ਤਰ੍ਹਾਂ ਜਾਣੂ ਸਨ, ਉਹਨਾਂ ਨੇ ਕਿਹਾ ਕਿ ਤੁਹਾਡੀ ਅਜਿਹੇ

* ਸਲੋਕ ਮ: ੯, ਅੰਕ ੧੬, ਪੰਨਾ ੧੪੨੭



www.AKJ.Org

ਹਾਲਾਤ ਵਿੱਚ ਰੱਖਿਆ ਤਾਂ ਹੀ ਹੋ ਸਕਦੀ ਹੈ, ਜੇਕਰ ਕੋਈ ਮਹਾਨ ਆਤਮਾ ਬਲੀਦਾਨ ਦੇਣ ਲਈ ਤਿਆਰ ਹੋਵੇ।

ਇਸ ਸਮੇਂ ਬਾਲਕ ਗੋਬਿੰਦ ਰਾਏ ਜੀ ਦੀਵਾਨ ਵਿਚ ਆਏ ਤੇ ਉਹਨਾਂ ਨੇ ਸਾਰੇ ਹਾਲਾਤ ਸੁਣ ਕੇ ਕਿਹਾ—ਪਿਤਾ ਗੁਰਦੇਵ, ਇਸ ਸਮੇਂ ਸੰਸਾਰ ਵਿੱਚ ਤੁਹਾਡੇ ਤੋਂ ਮਹਾਨ ਆਤਮਾ ਕੌਣ ਹੈ ? ਗੁਰੂ ਨਾਨਕ ਦੇ ਦਰ ਤੋਂ ਵੱਡਾ ਤੇ ਉਚਾ ਦਰ ਕਿਹੜਾ ਹੈ ? ਗੁਰੂ ਨਾਨਕ ਦੇਵ ਦੀ ਜੋਤਿ ਤੋਂ ਉੱਚੀ ਜੋਤਿ ਕੌਣ ਹੈ ? ਇਸੇ ਲਈ ਇਹ ਕੁਰਬਾਨੀ ਇਸੇ ਦਰ ਤੋਂ ਹੋਣੀ ਚਾਹੀਦੀ ਹੈ। ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਜਗਾਈ ਜੋਤਿ ਇਥੋਂ ਹੀ ਜਗਦੀ ਰਖੀ ਜਾਣੀ ਚਾਹੀਦੀ ਹੈ।

ਇਹ ਸੁਣ ਕੇ ਪਿਤਾ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਜੀ ਮੁਸਕਰਾਏ ਤੇ ਕਹਿਣ ਲਗੇ—ਬੇਟਾ, ਇਹੀ ਨਹੀਂ, ਪਿਤਾ ਗੁਰਦੇਵ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦਾਦਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਮਜ਼ਲੂਮ ਦੀ ਰੱਖਿਆ ਲਈ ਜੋ ਤਲਵਾਰ ਚੁਕੀ ਸੀ, ਉਹ ਵੀ ਚੁਕਣੀ ਪਏਗੀ।

ਇਸ ਤੇ ਬਾਲਕ ਗੋਬਿੰਦ ਰਾਏ ਜੀ ਨੇ ਕਮਰ ਵਿਚ ਬੱਧੀ ਛੋਟੀ ਕਿਰਪਾਨ ਮਿਆਨ ਵਿਚੋਂ ਕੱਢ ਲਈ ਤੇ ਕਿਹਾ, "ਜਦ ਤਕ ਜ਼ੁਲਮ ਅਤੇ ਅਨਿਆਂ ਇਸ ਧਰਤੀ ਤੇ ਕਾਇਮ ਰਹਿਣਗੇ, ਤਦ ਤਕ ਉਸ ਵਿਰੁਧ ਜਦੋ-ਜਹਿਦ ਹੁੰਦੀ ਰਹੇਗੀ ਅਤੇ ਇਸ ਜਦੋ-ਜਹਿਦ ਦੀ ਅਗਵਾਈ ਸਦਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੋਂ ਕੀਤੀ ਜਾਏਗੀ।

ਗੁਰੂ ਤੇਗ ਬਹਾਦਰ ਜੀ ਨੇ ਗੋਬਿੰਦ ਰਾਏ ਜੀ ਨੂੰ ਸੀਨੇ ਨਾਲ ਲਾ ਲਿਆ ਅਤੇ ਨਿਰਾਸ਼ ਬ੍ਰਾਹਮਣਾਂ ਨੂੰ ਕਹਿਣ ਲਗੇ, "ਜਾਓ, ਔਰੰਗਜ਼ੇਬ ਨੂੰ ਕਹਿ ਦਿਓ, ਜੇਕਰ ਉਹ ਉਹਨਾਂ ਦੇ ਗੁਰੂ, ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਗੈਰ-ਮੁਸਲਮਾਨ ਆਪਣੇ ਆਪ ਸ਼ਰ੍ਹਾ ਵਿਚ ਸ਼ਾਮਲ ਹੋ ਜਾਣਗੇ।"

ਬ੍ਰਾਹਮਣਾਂ ਨੇ ਕਸ਼ਮੀਰ ਦੇ ਹਾਕਮ ਨੂੰ ਜਾ ਸੁਨੇਹਾ ਦਿਤਾ ਅਤੇ ਉਸ ਨੇ ਉਸ ਸੁਨੇਹੇ ਨੂੰ ਔਰੰਗਜ਼ੇਬ ਤਕ ਜਾ ਪਹੁੰਚਾਇਆ। ਔਰੰਗਜ਼ੇਬ ਨੇ ਇਸ ਤਰ੍ਹਾਂ ਮੰਜ਼ਲ ਦੀ ਪ੍ਰਾਪਤੀ ਆਸਾਨ ਸਮਝ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ।

ਹੁਣ ਸਿਰਫ਼ ਹਿੰਦੂ ਧਰਮ ਦੀ ਹੀ ਰੱਖਿਆ ਦਾ ਸੁਆਲ ਨਹੀਂ ਸੀ, ਸਗੋਂ ਸੰਸਾਰ ਦੇ ਹਰ ਧਰਮ ਦੀ ਆਜ਼ਾਦੀ ਦੀ ਰੱਖਿਆ ਦਾ ਸੁਆਲ ਸੀ। ਜੇਕਰ ਜ਼ੁਲਮ ਕਿਸੇ ਦਾ ਸਮੂਹਕ ਰੂਪ ਵਿਚ ਧਰਮ ਬਦਲਣ ਵਿਚ ਸਫਲ ਹੋ ਜਾਂਦਾ ਤਾਂ ਸੰਸਾਰ ਵਿਚ ਇਕ ਨਵੀਂ ਜਦੋ-ਜਹਿਦ ਸ਼ੁਰੂ ਹੋ ਜਾਣੀ ਸੀ। ਦੇਸ਼ਾਂ ਅਤੇ ਪ੍ਰਦੇਸ਼ਾਂ ਦੀਆਂ ਸਰਹੱਦਾਂ ਵਡੀਆਂ ਕਰਨ ਦੀ ਲੜਾਈ ਦੇ ਨਾਲ ਧਰਮ ਫੈਲਾਣ ਤੇ ਬਦਲਾਣ ਲਈ ਵੀ ਧਾਰ ਤੇਜ਼ ਹੋ ਜਾਣੀ ਸੀ। ਜਦ ਵੀ ਕਿਸੇ ਇਕ ਧਰਮ ਨੂੰ ਮੰਨਣ ਵਾਲੇ ਦਾ ਰਾਜ ਕਿਸੇ ਦੂਜੇ ਧਰਮ ਨੂੰ ਮੰਨਣ ਵਾਲੇ ਦੇ ਦੇਸ਼ ਤੇ ਕਾਇਮ ਹੁੰਦਾ ਤਾਂ ਤਲਵਾਰ ਦੇ ਜ਼ੋਰ ਨਾਲ ਉਥੋਂ ਦਾ ਧਰਮ ਬਦਲਣ ਦੀ ਲਹਿਰ ਚਲ ਪੈਂਦੀ।

ਮੁਸਲਮਾਨ ਆਗੂਆਂ ਨੇ ਤਲਵਾਰ ਦੇ ਜ਼ੋਰ ਨਾਲ ਧਰਮ ਬਦਲਣ ਦੀ ਜੋ ਪਿਰਤ ਪਾਈ ਸੀ, ਉਸ ਨੂੰ ਹੁਣ ਠਲ੍ਹ ਪਾਣੀ ਜ਼ਰੂਰੀ ਹੋ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਠਲ੍ਹ ਪਾਣ ਲਈ, ਆਪਣਾ ਆਪ ਬਲੀਦਾਨ ਕਰਨ ਦਾ ਨਿਸ਼ਚਾ ਕਰ ਲਿਆ ਅਤੇ ਦਿੱਲੀ ਵਲ ਚਲ ਪਏ। ਆਗਰੇ ਪੁਜ ਕੇ ਆਪ ਨੇ ਆਪਣੀ ਗ੍ਰਿਫ਼ਤਾਰੀ ਦਿਤੀ ਅਤੇ ਉਥੋਂ ਦਿੱਲੀ ਆ ਕੇ ਉਹਨਾਂ ਆਪਣਾ ਬਲੀਦਾਨ ਦੇ ਦਿਤਾ।

ਇਸੇ ਬਲੀਦਾਨ ਦੇ ਹੀ ਸਦਕੇ ਕੁਝ ਸਮੇਂ ਬਾਅਦ ਇਕ ਸਿੱਖ ਨੇ 'ਉਸ ਔਰੰਗਜ਼ੇਬ ਨੂੰ' ਪੱਥਰ ਮਾਰ ਕੇ ਆਪਣੇ ਵਿਰੋਧ ਦਾ ਪ੍ਰਗਟਾਵਾ ਕੀਤਾ, ਜਿਸ ਦੇ ਦਬਦਬੇ ਨਾਲ ਸਾਰਾ ਹਿੰਦੁਸਤਾਨ ਕੰਬ ਰਿਹਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਫਲ-ਸਰੂਪ ਹੀ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਸੰਤ ਸਿਪਾਹੀ ਖਾਲਸੇ ਦਾ ਰੂਪ ਦਿਤਾ ਅਤੇ ਇਸ ਖਾਲਸੇ ਨੇ ਕਦਮ ਕਦਮ ਤੇ ਅਨਿਆ ਅਤੇ ਜ਼ੁਲਮ ਨੂੰ ਵੰਗਾਰਿਆ ਤੇ ਉਸ ਦੀਆਂ ਜੜ੍ਹਾਂ ਨੂੰ ਹਿਲਾ ਕੇ ਰਖ ਦਿਤਾ।



www.AKJ.Org

# ਸਿੱਖ ਸ਼ਹਾਦਤਾਂ ਦੀ ਵਿਲੱਖਣਤਾ

[ਡਾ: ਸ਼ਮਸ਼ੇਰ ਸਿੰਘ ਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਸਿਖ ਧਰਮ ਵਿਚ ਸ਼ਹੀਦ ਤੇ ਸ਼ਹਾਦਤ ਦੇ ਕਈ ਪੱਖਾਂ ਤੋਂ ਵਿਚਾਰ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸ਼ਹੀਦ ਦੇ ਕੁਝ ਬੁਨਿਆਦੀ ਨੁਕਤਿਆਂ ਤੇ ਚਾਨਣਾ ਪਾਇਆ ਜਾਵੇ, ਜਿਸ ਵਿਚ ਸ਼ਹੀਦ ਦਾ ਅਕੀਦਾ ਕੁਰਬਾਨੀ ਲਈ ਦ੍ਰਿੜ੍ਹਤਾ ਨਾਲ ਭਰਿਆ ਹੁੰਦਾ ਹੈ, ਉਸਨੂੰ ਵਿਚਾਰਨ ਦੀ ਲੋੜ ਹੈ।

**ਬੁਨਿਆਦੀ ਸਿਧਾਂਤ–**

ਸ਼ਹੀਦ ਦੀ ਮੌਤ ਕੋਈ ਅਚਨਚੇਤ, ਘਟਨਾ ਜਾਂ ਦੁਰਘਟਨਾ ਨਹੀਂ, ਇਹ ਇਕ ਮਨ ਵਿਚ ਧਾਰਿਆ ਦ੍ਰਿੜ੍ਹ ਸੰਕਲਪ ਹੁੰਦਾ ਹੈ, ਜਿਸਦੀ ਪੂਰਤੀ ਲਈ ਉਹ ਆਪਣੇ ਜੀਵਨ ਦੀ ਅਹੂਤੀ ਦੇ ਕੇ ਗਵਾਹੀ ਦਿੰਦਾ ਹੈ, ਭਾਵ, ਸਾਬਤ ਕਰ ਦਿਖਾਂਦਾ ਹੈ। ਸ਼ਹੀਦ ਦਾ ਸ਼ਹਾਦਤ ਲਈ ਮਿਥਿਆ ਹੋਇਆ ਅਕੀਦਾ ਇੰਨਾ ਮਹਾਨ ਤੇ ਪਵਿਤਰ ਹੁੰਦਾ ਹੈ ਕਿ ਸ਼ਹੀਦ ਇਸ ਦੀ ਖ਼ਾਤਰ ਆਪਣਾ ਸਭ ਕੁਝ ਕੁਰਬਾਨ ਕਰ ਦਿੰਦਾ ਹੈ। ਕੋਈ ਲਾਲਚ, ਕੋਈ ਡਰ ਉਸਨੂੰ ਇਸ ਕੁਰਬਾਨੀ ਵਾਲੇ ਦ੍ਰਿੜ੍ਹ ਇਰਾਦੇ ਤੋਂ ਪਿੱਛੇ ਨਹੀਂ ਹਟ ਸਕਦਾ।

ਸ਼ਹੀਦ ਨੇ ਮੌਤ ਤੇ ਜਿੱਤ ਪ੍ਰਾਪਤ ਕਰ ਲਈ ਹੁੰਦੀ ਹੈ। ਮੌਤ ਅਵੱਸ਼ ਹੈ, ਮਰਨਾ ਹਰ ਇਕ ਨੇ ਹੈ। ਮੌਤ ਦਾ ਭੈ ਬੜਾ ਹੀ ਭਿਆਨਕ ਹੁੰਦਾ ਹੈ। ਮੌਤ ਤੋਂ ਹਰ ਸਾਧਾਰਨ ਵਿਅਕਤੀ ਡਰਦਾ ਹੈ। ਬੁਜ਼ਦਿਲ ਤਾਂ ਮੌਤ ਆਉਣ ਤੋਂ ਪਹਿਲਾਂ ਹੀ ਕਈ ਵਾਰੀ ਮਰ ਮੁਕਦਾ ਹੈ। ਸ਼ਹੀਦ ਨੂੰ ਇਸ ਗੱਲ ਦਾ ਭਲੀਭਾਂਤ ਗਿਆਨ ਹੁੰਦਾ ਹੈ ਕਿ ਮੌਤ ਕੋਈ ਅਨਹੋਣੀ ਚੀਜ਼ ਨਹੀਂ, ਇਸ ਲਈ ਉਹ ਬੁਜ਼ਦਿਲਾਂ ਦੀ ਮੌਤ ਨਾਲੋਂ ਬਹਾਦਰਾਂ ਦੀ ਮੌਤ ਮਰਨਾ ਪਸੰਦ ਕਰਦਾ ਹੈ। ਇਸੀ ਮੌਤ ਵਿਚ ਉਸਦੇ ਆਸ਼ੇ ਦੀ ਪੂਰਤੀ ਹੈ। ਉਸ ਲਈ ਇਸ ਸਰੀਰ ਨੂੰ ਦੇਸ਼ ਧਰਮ ਦੇ ਲੇਖੇ ਲਾਉਣਾ ਹੀ ਅਸਲ ਮੰਤਵ ਦੀ ਪੂਰਤੀ ਹੈ। ਸ਼ਹੀਦ ਮੌਤ ਤੋਂ ਘਬਰਾਉਂਦਾ ਨਹੀਂ, ਉਲਟਾ ਮੌਤ ਸ਼ਹੀਦ ਤੋਂ ਘਬਰਾਉਂਦੀ ਹੈ। ਗੁਰਬਾਣੀ ਇਸ ਕਥਨ ਦੀ ਪੁਸ਼ਟੀ ਕਰਦੀ ਹੈ–

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ (ਪੰਨਾ ੫੭੯-੮੦)

ਸ਼ਹੀਦ ਦੀ ਮੌਤ ਕੌਮ ਲਈ ਚਾਨਣ-ਮੁਨਾਰਾ ਹੁੰਦੀ ਹੈ। ਸ਼ਹੀਦੀ ਆਉਣ ਵਾਲੀ ਜਨਤਾ ਨੂੰ ਇਕ ਸਾਹਸ ਤੇ ਦਲੇਰੀ ਬਖ਼ਸ਼ਦੀ ਹੈ। ਇਹ ਜ਼ਿੰਦਗੀ ਕੌਮ ਦੀ ਅਮਾਨਤ ਹੁੰਦੀ ਹੈ। ਕਿਸੇ ਚੰਗੇ ਉਦੇਸ਼ ਜਾਂ ਆਦਰਸ਼ ਦੀ ਰੱਖਿਆ ਲਈ ਸਹੇੜੀ ਮੌਤ ਆਪਣੇ ਪਿਛੇ ਇਕ ਸੁਨਹਿਰੀ ਇਤਿਹਾਸ ਤੇ ਚੜ੍ਹਦੀ ਕਲਾ ਦੀ ਭਾਵਨਾ ਛੱਡ ਜਾਂਦੀ ਹੈ, ਜੋ ਆਉਣ ਵਾਲੀ ਜਨਤਾ ਲਈ ਹਮੇਸ਼ਾ ਪ੍ਰੇਰਨਾ-ਜਰੋਤ ਬਣੀ ਰਹਿੰਦੀ ਹੈ, ਜੋ ਦੇਸ਼-ਵਾਸੀਆਂ ਤੇ ਕੌਮ ਨੂੰ ਹਰ ਔਕੜ ਸਮੇਂ ਸਾਹਸ ਪ੍ਰਦਾਨ ਕਰਦੀ ਹੈ। ਅਗੇ ਵਧਣ, ਸੱਚ, ਧਰਮ, ਆਜ਼ਾਦੀ ਲਈ, ਦੁਖ ਝਲਣ ਲਈ ਇਕ ਸੇਧ ਬਖ਼ਸ਼ਦੀ ਹੈ ਅਤੇ ਜਿਤ ਨੂੰ ਯਕੀਨੀ ਬਣਾਉਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹਾਦਤ ਦਾ ਜਾਮ ਪੀਣ ਦਾ ਮੰਤਵ ਇਹੀ ਸੀ ਕਿ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਨੇ ਕਈ ਔਕੜਾਂ ਝਲਣੀਆਂ ਹਨ, ਕਸ਼ਟ ਸਹਿਣੇ ਹਨ, ਸਿੱਖੀ ਨੂੰ ਕਾਇਮ ਰਖਣਾ ਹੈ। ਧਰਮ ਦਾ ਬੋਲਬਾਲਾ ਅਤੇ ਹੋਂਦ ਨੂੰ ਬਰਕਰਾਰ ਰਖਣ ਲਈ ਕਈ ਕਿਸਮਾਂ ਦੀਆਂ ਕੁਰਬਾਨੀਆਂ ਦੇਣੀਆਂ ਪੈਣੀਆਂ ਹਨ. ਇਸ ਲਈ ਉਨ੍ਹਾਂ ਦੇ ਸਾਹਮਣੇ ਕੋਈ ਸ਼ਹਾਦਤ ਦੀ ਮਿਸਾਲ ਕਾਇਮ ਰਹਿਣੀ ਜ਼ਰੂਰੀ ਹੈ।

ਸ਼ਹੀਦ ਗ਼ਲਤ ਕੀਮਤਾਂ ਨਾਲ ਜੂਝਦਾ ਹੈ, ਜਬਰ ਤੇ ਜ਼ੁਲਮ ਦੇ ਵਿਰੁਧ ਆਵਾਜ਼ ਉਠਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਐਸੀ ਆਵਾਜ਼ ਉਠਾਈ ਕਿ ਜਾਬਰ ਦਾ ਜ਼ੁਲਮ ਬੰਦ ਹੋਣ ਤੇ ਆ ਗਿਆ, ਉਸਨੂੰ ਆਪਣੇ ਕੀਤੇ ਗੁਨਾਹਾਂ ਦਾ ਅਹਿਸਾਸ ਹੋਣ ਲੱਗਾ। ਫਲ-ਸਰੂਪ ਜ਼ੁਲਮ ਹਮੇਸ਼ਾ ਲਈ ਭੈ-ਭੀਤ ਹੋ ਗਿਆ। ਔਰੰਗਜ਼ੇਬ ਤੋਂ ਬਾਅਦ ਇਹ ਜ਼ੁਲਮ ਹਮੇਸ਼ਾ ਲਈ ਬੰਦ ਤਾਂ ਨਹੀਂ ਹੋਇਆ, ਪ੍ਰੰਤੂ ਜ਼ਾਲਮ ਤੇ ਜਾਬਰ ਮੁਗਲਾਂ ਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਸੀ ਕਿ ਇਹ ਕੌਮ, ਜੋ ਆਪਣੇ ਧਰਮ ਦੀ ਖ਼ਾਤਰ ਜਾਨ ਦੇਣ ਵਰਗੀਆਂ



www.AKJ.Org

ਬੜੀਆਂ ਕੁਰਬਾਨੀਆਂ ਦੇ ਸਕਦੀ ਹੈ, ਇਕ ਦਿਨ ਜ਼ਰੂਰ ਰਾਜ ਕਰੇਗੀ, ਅਤੇ ਹੋਂਦ ਨੂੰ ਸਦਾ ਲਈ ਸਥਾਪਤ ਕਰ ਜਾਏਗੀ। ਸ਼ਹੀਦ ਦੀ ਸ਼ਹਾਦਤ ਲੋਕਾਂ ਨੂੰ ਜ਼ੁਲਮ ਦੇ ਵਿਰੁਧ ਸੰਗਠਤ ਕਰਦੀ ਹੈ; ਲਤਾੜੇ ਤੇ ਪਛਾੜੇ ਹੋਏ ਲੋਕਾਂ ਲਈ ਸਹਾਰਾ ਬਣਦੀ ਹੈ। ਸ਼ਹੀਦ ਦੀ ਕੁਰਬਾਨੀ ਪਿਛੇ ਧਾਰਮਿਕ ਸੁਤੰਤਰਤਾ, ਸਮਾਜਿਕ ਬਰ ਬਰੀ, ਆਰਥਿਕ ਸੰਤੁਸ਼ਟਤਾ ਤੇ ਰਾਜਨੀਤਕ ਪ੍ਰਭੂ-ਸਤਾ ਦੇ ਤੱਤ ਹੁੰਦੇ ਹਨ। ਇਸ ਵਿਚ ਸ਼ਹੀਦਾਂ ਦਾ ਆਪਣਾ ਨਿਜੀ ਮੰਤਵ ਕੁਝ ਨਹੀਂ ਹੁੰਦਾ, ਸਗੋਂ ਕੌਮੀ ਤੇ ਧਾਰਮਕ ਨਿਸ਼ਾਨਾ ਹੁੰਦਾ ਹੈ।

ਭਾਈ ਗੁਰਦਾਸ ਜੀ ਨੇ ਸ਼ਹੀਦਾਂ ਦੇ ਬੁਨਿਆਦੀ ਤੱਤਾਂ ਬਾਰੇ ਨਿਰੂਪਣ ਕਰਦਿਆਂ ਸ਼ਹੀਦ ਨੂੰ ਭਰਮ ਤੇ ਭਉ ਤੋਂ ਮੁਕਤ ਦਸਿਆ ਹੈ। ਸ਼ਹੀਦ ਨੂੰ ਆਪਣੇ ਅਕੀਦੇ ਦੀ ਪ੍ਰਾਪਤੀ ਬਾਰੇ ਕੋਈ ਭਰਮ ਨਹੀਂ ਹੁੰਦਾ ਤੇ ਨਾ ਹੀ ਕੋਈ ਕਿਸੇ ਕਿਸਮ ਦਾ ਭਉ ਹੁੰਦਾ ਹੈ। ਸ਼ਹੀਦ ਸਬਰ ਤੇ ਸਿਦਕ ਦਾ ਧਾਰਨੀ ਹੁੰਦਾ ਹੈ। ਇਹ ਸ਼ਹੀਦ ਦੇ ਵਿਅਕਤੀਤਤਵ ਦੇ ਬੁਨਿਆਦੀ ਤੱਤ ਹੁੰਦੇ ਹਨ, ਜੋ ਹਮੇਸ਼ਾ ਹਮੇਸ਼ਾ ਲਈ ਅਗਵਾਈ ਕਰਦੇ ਰਹਿੰਦੇ ਹਨ:

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥ [ਭਾਈ ਗੁਰਦਾਸ ਜੀ, ੩/੧੮

ਸ਼ਹੀਦ ਦੀ ਸ਼ਹਾਦਤ ਦੇਣ ਵਾਲੀ ਸ਼ਕਤੀ ਪਿਛੇ ਉਸਦਾ ਗੁਰੂ (ਅਕਾਲ ਪੁਰਖ) ਵਿਚ ਅਤੁਟ ਵਿਸ਼ਵਾਸ ਹੁੰਦਾ ਹੈ, ਜੋ ਹਿਰਦੇ ਨੂੰ ਮਜ਼ਬੂਤੀ ਦਿੰਦਾ ਹੈ, ਇਰਾਦਾ ਦ੍ਰਿੜ ਬਣਾਉਂਦਾ ਹੈ। ਨਿਰਭਉ ਪ੍ਰਭੂ ਦੇ ਸਿਮਰਨ ਨਾਲ ਮਨੁਖ ਵੀ ਨਿਰਭਉ ਹੋ ਜਾਂਦਾ ਹੈ। ਗੁਰਬਾਣੀ ਦਾ ਕਥਨ ਹੈ 'ਨਿਰਭਉ ਜਪੈ ਸਗਲ ਭਉ ਮਿਟੈ॥' (੨੯੩) ਡਰ ਤਾਂ ਮੰਦ-ਧਰਮੀ ਨੂੰ ਹੁੰਦਾ ਹੈ।

'ਸੋ ਡਰੈ ਜਿਨਿ ਪਾਪ ਕਮਾਤੇ ਰਾਮ' ॥੩॥੫॥ [ਬਿਹਾਗੜਾ ਮ: ੪, ਪੰਨਾ ੫੪੦

ਸਚੇ ਤੇ ਸੁਚੇ ਜੀਵਨ ਵਾਲਾ ਵਿਅੱਕਤੀ ਹੀ ਨਿਰੰਕਾਰ ਦੀ ਸਮਰੱਥ ਸ਼ਕਤੀ ਉਪਰ ਵਿਸ਼ਵਾਸ ਬਣਾ ਸਕਦਾ ਹੈ। ਮਾਰਨ ਤੇ ਜੀਵਾਉਣ ਵਾਲਾ ਇਕ ਸਮਰੱਥ ਵਾਹਿਗੁਰੂ ਹੀ ਹੈ। ਮਨੁੱਖ ਕਿਤਨਾ ਵੀ ਬਲਵਾਨ ਹੋਵੇ, ਪ੍ਰਭੂ ਦੀ ਬਰਾਬਰੀ ਨਹੀਂ ਕਰ ਸਕਦਾ। ਮਨੁੱਖ ਨੂੰ ਦਿਤੀ ਹੋਈ ਤਾਕਤ ਸਭ ਵਾਹਿਗੁਰੂ ਦੀ ਹੁੰਦੀ ਹੈ। ਉਹ ਇਹ ਤਾਕਤ ਕਦੋਂ ਵਾਪਸ ਲੈ ਲਏ, ਪਤਾ ਨਹੀਂ। ਮਨੁੱਖੀ ਸ਼ਕਤੀ ਆਪਣੇ ਆਪ ਵਿਚ ਕੁਝ ਨਹੀਂ ਹੁੰਦੀ, ਸ਼ਹੀਦ ਕਦੀ ਵੀ ਦੁਨਿਆਵੀ ਤਾਕਤਾਂ ਤੋਂ ਡਰਦਾ ਨਹੀਂ। ਸ਼ਹੀਦ ਨਾ ਕਿਸੇ ਤੋਂ ਡਰਦਾ ਹੈ ਨਾ ਡਰਾਉਂਦਾ ਹੈ। ਆਪਣਾ ਬਲ ਨਜਾਇਜ਼ ਪ੍ਰਯੋਗ ਕਰਨਾ ਧੱਕੇ ਦੀ ਨਿਸ਼ਾਨੀ ਹੈ। ਕਿਸੇ ਦਾ ਡਰ ਮੰਨਣਾ ਆਪਣੀ ਕਮਜ਼ੋਰੀ ਹੈ ਤੇ ਢਹਿੰਦੀ ਕਲਾ ਦੀ ਨਿਸ਼ਾਨੀ ਹੁੰਦੀ ਹੈ। ਕਿਸੇ ਦਾ ਡਰ ਮੰਨਣਾ ਕਾਇਰਤਾ ਹੈ। ਡਰਨਾ ਤੇ ਡਰਾਉਣਾ ਦੋਵੇਂ ਖ਼ਿਆਲ ਵਾਹਿਗੁਰੂ ਦੇ ਆਸ਼ੇ ਦੇ ਉਲਟ ਹਨ। ਸਰਬ ਸਮਰੱਥ ਵਾਹਿਗੁਰੂ ਦੇ ਉਤੇ ਵਿਸ਼ਵਾਸ ਰਖਣਾ, ਅੰਗ-ਸੰਗ ਸਮਝਣਾ ਸ਼ਹੀਦ ਦਾ ਅਕੀਦਾ ਹੁੰਦਾ ਹੈ। ਇਹ ਸ਼ਹਾਦਤ ਦੀ ਵਿਲੱਖਣਤਾ ਹੈ। ਇਹ ਅਕੀਦਾ ਮੌਤ ਦਾ ਡਰ ਖ਼ਤਮ ਕਰ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਇਸੇ ਸਿਧਾਂਤ ਨੂੰ ਅਪਣਾਅ ਕੇ ਇਕ ਵਿਲੱਖਣਤਾ ਪੈਦਾ ਕਰ ਦਿਤੀ, ਇਸੇ ਲਈ ਗੁਰੂ ਜੀ ਦੀ ਸ਼ਹਾਦਤ ਨੂੰ ਐਸੀ ਕਿਰਿਆ ਕਿਹਾ ਗਿਆ ਹੈ ਜਿਸ ਨੂੰ ਅੱਜ ਤੱਕ ਨਾ ਤਾਂ ਕਿਸੇ ਨੇ ਕੀਤਾ ਹੈ, ਨਾ ਹੀ ਕਰੇਗਾ।

ਗੁਰੂ ਸਾਹਿਬਾਨ ਅਤੇ ਸਿੱਖ ਸ਼ਹਾਦਤਾਂ ਤੋਂ ਪਹਿਲਾਂ ਜਿਤਨੀਆਂ ਵੀ ਸ਼ਹਾਦਤਾ ਹੋਈਆਂ, ਉਨ੍ਹਾਂ ਦਾ ਮੰਤਵ ਮਨੁੱਖਤਾ ਦਾ ਸਮੁੱਚਾ ਕਲਿਆਣ ਨਹੀਂ ਸੀ। ਇਨ੍ਹਾਂ ਸ਼ਹਾਦਤਾਂ, ਜੋ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਦੂਜੇ ਹਿਸਿਆਂ ਵਿਚ ਵੀ ਹੋਈਆਂ, ਦਾ ਸੰਬੰਧ ਵੀ ਆਪਣੇ ਨਿੱਜੀ ਧਰਮ ਤੇ ਕੌਮ ਨਾਲ ਹੀ ਸੀ। ਪ੍ਰੰਤੂ ਸਿੱਖ ਸ਼ਹਾਦਤਾਂ ਦਾ ਮੰਤਵ ਆਪਣੇ ਆਪ ਤੋਂ ਉਪਰ ਉਠ ਕੇ, ਆਪਣੇ ਧਰਮ ਤੋਂ ਉਪਰ ਦੂਸਰੇ ਧਰਮ ਨਾਲ ਸੰਬੰਧਤ ਸੀ; ਗੁਰੂ ਤੇਗ ਬਹਾਦਰ ਜੀ ਨਾ ਤਾਂ ਤਿਲਕ ਤੇ ਨਾ ਹੀ ਜੰਞੂ ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਨੇ ਹਿੰਦੂ ਧਰਮ ਦੇ ਇਹਨਾਂ ਦੋਨਾਂ ਵਿਸ਼ਵਾਸਾਂ ਨੂੰ ਕਾਇਮ ਰੱਖਣ ਲਈ ਕੁਰਬਾਨੀ ਦਿਤੀ, ਜਿਹੜੀ ਸੰਸਾਰ ਦੇ ਇਤਿਹਾਸ ਅੰਦਰ ਇਕ ਵਿਲੱਖਣ ਘਟਨਾ ਹੈ। ਚਾਂਦ ਭੱਟ ਲਿਖਦਾ ਹੈ:



www.AKJ.Org

ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨਾ ਛੋਡੀਐ ॥
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋਡੀਐ ॥

'ਸਿੱਖ ਸ਼ਹੀਦਾਂ ਦੇ ਦ੍ਰਿੜ੍ਹ ਇਰਾਦੇ ਹਿਮਾਲਾ ਵਾਂਗ ਅਹਿਲ ਸਨ। ਇਨ੍ਹਾਂ ਨੂੰ ਕੋਈ ਵੀ ਵਕਤੀ ਰਾਜ ਜਾਂ ਹੋਰ ਤਾਕਤਾਂ ਡੁਲਾ ਨਾ ਸਕੀਆਂ। ਸ਼ਹੀਦ ਆਤਮਾਵਾਂ ਨੇ ਸ਼ਹਾਦਤ ਤੋਂ ਪਹਿਲਾਂ ਲੋਕਾਂ ਦੇ ਦਰਦ ਦੇਖ ਕੇ ਸਾਹਸਪੂਰਨ ਪ੍ਰੇਰਨਾ ਦਿੱਤੀ, ਜਥੇਬੰਦ ਕੀਤਾ, ਜ਼ੁਲਮ ਦੇ ਖ਼ਿਲਾਫ਼ ਖੜਿਆਂ ਕੀਤਾ।

ਸਿੱਖ ਸ਼ਹੀਦ ਵਕਤੀ ਹਕੂਮਤ ਤੋਂ ਡਰ ਕੇ ਛਿਪੇ ਨਹੀਂ, ਭਗੌੜੇ ਨਹੀਂ ਹੋਏ, ਆਪਣੇ ਆਪ ਨੂੰ ਕਾਤਲ ਦੇ ਹਵਾਲੇ ਕਰ ਦਿਤਾ। ਇਤਿਹਾਸ ਗਵਾਹ ਹੈ ਕਿ ਕਾਤਲ ਮਕਤੂਅਲ ਪਾਸ ਆਉਂਦਾ ਹੈ, ਗੁਰੂ ਤੇਗ ਬਹਾਦਰ ਪਾਤਸ਼ਾਹ ਆਪ ਦਿੱਲੀ ਜਾ ਕੇ ਕੁਰਬਾਨੀ ਦਿੰਦੇ ਹਨ। ਇਸ ਕੁਰਬਾਨੀ ਨੇ ਜ਼ੁਲਮ ਦੀ ਤਲਵਾਰ ਹਮੇਸ਼ਾ ਲਈ ਖੁੰਢੀ ਕਰ ਦਿਤੀ। ਬਿਨਾਂ ਹਥਿਆਰਾਂ ਤੋਂ ਇਤਨੀ ਵੱਡੀ ਤਾਕਤ ਨੂੰ ਸ਼ਹਾਦਤ ਨਾਲ ਭੈ-ਭੀਤ ਕਰ ਦੇਣਾ ਬਹੁਤ ਵਡੀ ਕਰਾਮਾਤ ਹੀ ਹੈ।

ਸਿਖਾਂ ਸ਼ਹੀਦਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਨੰਬਰ ਇਕ ਤੇ ਉਹ ਸ਼ਹੀਦ ਆਉਂਦੇ ਹਨ ਜਿਨ੍ਹਾਂ ਨੇ ਸ਼ਾਂਤਮਈ ਰਹਿ ਕੇ ਸ਼ਹੀਦੀ ਦਿੱਤੀ। ਦੂਸਰੇ ਨੰਬਰ ਤੇ ਉਹ ਆਉਂਦੇ ਹਨ ਜਿਨ੍ਹਾਂ ਮੈਦਾਨੇ-ਜੰਗ ਵਿਚ ਕੁਰਬਾਨੀ ਕੀਤੀਆਂ। ਇਹ ਕੁਰਬਾਨੀਆਂ ਹਿੰਦੁਸਤਾਨ ਦੀਆਂ ਬਹੂ-ਬੇਟੀਆਂ ਨੂੰ ਬਚਾਉਣ ਲਈ ਵੀ ਸਨ। ਇਸ ਕੁਰਬਾਨੀ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਜਦੋਂ ਕਿਸੇ ਜ਼ੁਲਮ ਤੇ ਜ਼ਾਲਮ ਨੂੰ ਠਲ੍ਹ ਪਾਉਣ ਲਈ 'ਸ਼ਾਂਤਮਈ ਤਰੀਕੇ' ਅਸਫਲ ਹੋ ਜਾਣ ਤਾਂ ਸ਼ਸਤਰ ਚੁਕਣਾ ਹੀ ਧਰਮ ਹੈ। ਸ਼ਸਤਰ ਚੁਕਣਾ ਸਭ ਤੋਂ ਅੰਤਮ ਕਦਮ ਹੈ। ਸਿਖ ਧਰਮ ਦੀਆਂ ਸ਼ਹਾਦਤਾਂ ਵਿਚ ਵਿਲੱਖਣਤਾ ਇਸ ਗੱਲੋਂ ਵੀ ਹੈ ਕਿ ਬੱਚਿਆਂ ਤੇ ਬੀਬੀਆਂ ਨੇ ਵੀ ਬਲੀਦਾਨ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ, ਸਿੰਘਣੀਆਂ ਨੇ ਜੇਲ੍ਹਾਂ ਅੰਦਰ ਪੀਸਣੇ ਪੀਸੇ, ਤਸੀਹੇ ਸਹੇ, ਪਰ ਧਰਮ ਨਹੀਂ ਹਾਰਿਆ। ਆਪਣੇ ਬੱਚੇ ਕਤਲ ਕਰਵਾਏ, ਸੀ ਤੱਕ ਨਹੀਂ ਉਚਾਰੀ। ਇਹ ਬਹੁਤ ਵੱਡੀ ਕੁਰਬਾਨੀ ਹੈ। ਸਿਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਸ਼ਹੀਦੀ ਇਸ ਨੂੰ ਵਿਰਸੇ ਵਿਚ ਮਿਲੀ। ਇਨ੍ਹਾਂ ਸ਼ਹਾਦਤਾਂ ਨੇ ਸਿੱਖ ਕੌਮ ਨੂੰ ਜ਼ਿੰਦਾ ਰੱਖਿਆ। ਸ਼ਹੀਦ ਦਾ ਖ਼ੂਨ-ਧਰਮ ਦਾ ਬੀਜ ਹੁੰਦਾ ਹੈ। ਸ਼ਹਾਦਤ, ਕੌਮ ਨੂੰ ਅਮਰਤਾ ਬਖਸ਼ਦੀ ਹੈ। ਸਿੱਖ ਸ਼ਹਾਦਤਾਂ ਕਾਰਨ ਸਾਡੇ ਇਤਿਹਾਸ ਦਾ ਹਰ ਪਤਰਾ ਖ਼ੂਨ ਨਾਲ ਲਿਖਿਆ ਗਿਆ ਹੋਇਆ ਹੈ, ਇਹੀ ਇਤਿਹਾਸ ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰਖਦਾ ਹੈ।

ਇਨ੍ਹਾਂ ਸ਼ਹਾਦਤਾਂ ਦਾ ਸਦਕਾ ਹੀ 'ਅਜ' ਭਾਰਤ ਵਿਚ ਹਿੰਦੂ ਕੌਮ ਜੀਉਂਦੀ ਹੈ, ਨਹੀਂ ਤਾਂ ਇਸ ਦਾ ਨਾਮ-ਨਿਸ਼ਾਨ ਮਿਟ ਜਾਣਾ ਸੀ। ਬੁਲ੍ਹੇਸ਼ਾਹ ਠੀਕ ਹੀ ਕਹਿੰਦਾ ਹੈ ਕਿ ਹਿੰਦੁਸਤਾਨ ਵਿਚ ਮੁਗਲਾਂ ਦਾ ਬੋਲਬਾਲਾ ਹੀ ਹੋਣਾ ਸੀ, ਮੁਗਲ ਹਕੂਮਤ ਦੇ ਕਟੜ ਤੇ ਮੁਤੱਸਬੀ-ਪੁਣੇ ਨੂੰ ਇਨ੍ਹਾਂ ਸ਼ਹੀਦਾਂ ਦੇ ਖ਼ੂਨ ਨੇ ਹੀ ਠਲ੍ਹ ਪਾਈ ਤੇ ਸੋਚਣ ਲਈ ਮਜਬੂਰ ਕੀਤਾ ਕਿ ਜ਼ਬਰਦਸਤੀ ਕਿਸੇ ਦਾ ਧਰਮ ਨਹੀਂ ਬਦਲਿਆ ਜਾ ਸਕਦਾ।

['ਸੀਸ-ਗੰਜ', ਜੂਨ ੯੧ ਵਿਚਲੇ ਲੇਖ ਵਿਚੋਂ ਧੰਨਵਾਦ ਸਹਿਤ

---

## ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।
੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।
੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ।
੫. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/- ਰੁਪਏ ਅਤੇ ਵਡੀਆਂ ਰਕਮਾਂ ਲਈ 20/- ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।

www.AKJ.Org

# ਗੁਰੂ ਨਾਨਕ ਦੇਵ ਜੀ ਦੀ ਪਦਵੀ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ]

( ੧ )

ਗੁਰੂ ਨਾਨਕ ਦੇਵ ਜੀ ਦੀ 'ਪਦਵੀ' ਦੀ ਤੁਲਨਾ ਨਾ ਤਾਂ ਕਿਸੇ ਹਿੰਦੂ ਅਵਤਾਰ ਨਾਲ ਦਿੱਤੀ ਜਾ ਸਕਦੀ ਹੈ, ਨਾ ਹੀ ਕਿਸੇ ਸਾਮੀ ਪੈਗੰਬਰ ਨਾਲ ਅਤੇ ਨਾ ਹੀ ਕਿਸੇ ਸੁਧਾਰਕ ਤੇ ਆਚਾਰਯ ਨਾਲ। ਗੁਰੂ ਨਾਨਕ ਪਾਤਿਸ਼ਾਹ ਨੇ ਭਾਰੀ ਤਪੱਸਿਆ ਤੇ ਵੱਡੇ ਭਾਗਾ ਨਾਲ 'ਹਰਿ ਜਿਉ' ਨਾਲ ਇਕਸੁਰਤਾ ਪ੍ਰਾਪਤ ਕਰਕੇ, ਜਿਹੜਾ ਸ਼ੁੱਧ, ਸੁਤੰਤਰ ਤੇ ਸੰਭਵ ਗਿਆਨ ਪ੍ਰਾਪਤ ਕੀਤਾ ਹੈ, ਸੰਸਾਰ ਦਾ ਕੋਈ ਵੀ ਐਸਾ ਅਵਤਾਰ. ਪੈਗੰਬਰ, ਸੁਧਾਰਕ ਤੇ ਆਚਾਰਯ ਨਹੀਂ, ਜਿਸ ਨੂੰ ਸ਼ੁੱਧ-ਆਤਮਕ ਤੇ ਸੰਪੂਰਣ ਗਿਆਨ ਪ੍ਰਾਪਤ ਹੋਇਆ ਹੋਵੇ। ਸ਼ੁੱਧ, ਸੁਤੰਤਰ ਤੇ ਸੰਭਵ ਗਿਆਨ (ਨਾਮ ਤੇ ਗਰੀਬੀ ਦੀਆਂ ਨਉ ਨਿਧਾਂ) ਦੀ ਪ੍ਰਾਪਤੀ ਨਾਲ ਹੀ ਗੁਰੂ ਨਾਨਕ-ਘਰ ਨੂਰੋ ਨੂਰ ਹੋ ਗਿਆ ਹੈ। ਉਹਨਾਂ ਦੇ ਵਿਚਾਰ-ਉਪਦੇਸ਼ ਜਿੰਨੇ ਮੌਲਿਕ, ਅਨੂਪਮ ਤੇ ਉਚਤਮ ਹਨ, ਇਸ ਪੱਖੋਂ ਵੀ ਗੁਰੂ ਨਾਨਕ ਦੇਵ ਜੀ ਦਾ ਸਾਨੀ ਕੋਈ ਨਹੀਂ। ਉਹਨਾਂ ਦਾ ਅਤਿ ਡੂੰਘਾ, ਅਤਿ ਉਚਾ ਤੇ ਅਤਿ ਵਿਸ਼ਾਲ ਗਿਆਨ ਕਿਸੇ ਵਾਦ-ਵਿਵਾਦ ਜਾਂ ਵਿਆਖਿਆ ਵਖੇਵੇਂ ਦਾ ਵੀ ਸਿੱਟਾ ਨਹੀਂ। ਉਹਨਾਂ ਦੇ ਗਿਆਨ, ਉਪਦੇਸ਼ ਵਿਚ ਇਕ ਨਵਾਂ ਯੁੱਗ, ਇਕ ਨਵਾਂ ਧਰਮ, ਇਕ ਨਵੀਂ ਵਿਸ਼ਵ-ਸਭਿਅਤਾ ਤੇ ਸੰਸਕ੍ਰਿਤੀ ਉਸਾਰਨ ਤੇ ਉਜਾਗਰ ਕਰਨ ਦੀ ਅਥਾਹ ਤੇ ਬੇਅੰਤ ਸ਼ਕਤੀ ਹੈ। ਅਜਿਹੀ ਜੀਵੰਤ ਸ਼ਕਤੀ ਵੀ ਕਿਸੇ ਅਵਤਾਰ ਪੈਗੰਬਰ, ਸੁਧਾਰਕ ਤੇ ਆਚਾਰਯ ਕੋਲ ਨਹੀਂ। ਇਸ ਲਈ ਗੁਰੂ ਨਾਨਕ ਦੇਵ ਜੀ ਦੀ ਪਦਵੀ ਦੀ ਸਰੇਸ਼ਟਤਾ ਤੇ ਉਹਨਾਂ ਦੇ ਵਿਚਾਰ-ਚਿੰਤਨ ਦੀ ਸ਼ਕਤੀ ਦਾ ਮੁਕਾਬਲਾ ਕਿਸੇ ਨਾਲ ਵੀ ਨਹੀਂ ਕੀਤਾ ਜਾ ਸਕਦਾ। ਵਿਸ਼ੇਸ਼ ਤੌਰ ਤੇ ਆਤਮਕ, ਸੁਤੰਤਰ ਤੇ ਸੰਭਵ ਚਿੰਤਨ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੀ ਪਦਵੀ ਸਪੱਸ਼ਟ ਭਿੰਨ, ਸਰਸ਼ਟ ਤੇ ਸ੍ਰੋਮਣੀ ਹੈ।

( ੨ )

ਹਰ ਹਿੰਦੂ ਅਵਤਾਰ ਮਨੁੱਖਤਾ ਨੂੰ ਦੁੱਖ, ਕਲੇਸ਼ ਤੇ ਸੰਕਟ ਤੋਂ ਬਚਾਣ ਵਾਸਤੇ ਹੀ ਮਨੁੱਖੀ-ਰੂਪ ਧਾਰਨ ਕਰਦਾ ਰਿਹਾ ਹੈ। ਉਸ ਦੀ ਕਰਤੱਵ-ਕ੍ਰਿਰਿਆ ਨਿਰੋਲ ਕਰਮ-ਵਾਦੀ ਜਾਂ ਸੰਘਰਸ਼-ਵਾਦੀ ਹੁੰਦੀ ਹੈ। ਸਹਿਜ, ਸਾਹਸ ਤੇ ਸੁਹਜ ਉਸ ਦੀ ਕਰਤੱਵ-ਕਿਰਿਆ ਦਾ ਅੰਗ ਨਹੀਂ ਹੁੰਦੇ। ਇਸੇ ਕਰਕੇ 'ਅਵਤਾਰ' ਬਾਣੀ-ਕਰਤਾ ਨਹੀਂ ਹੁੰਦਾ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਦ੍ਰਿੜ੍ਹ ਨਿਸਚਾ ਹੈ, ਕਿ ਕੋਈ ਵੀ ਹਿੰਦੂ ਅਵਤਾਰ ਅਜਿਹਾ ਨਹੀਂ, ਜਿਸ ਨੇ ਜੱਗ-ਪ੍ਰਵੇਸ਼ਕਾ ਕਰਕੇ, ਪ੍ਰਭੂ-ਆਦੇਸ਼ ਦੀ ਪ੍ਰਤਿਪਾਲਣਾ ਕੀਤੀ ਹੋਵੇ, ਹਰਿ ਦੀ ਪ੍ਰੀਤ ਰੀਤਿ ਨੂੰ ਬੁਝਿਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤਾਂ 'ਬਚਿੱਤਰ-ਨਾਟਕ' ਵਿਚ ਆਖਦੇ ਹਨ, ਕਿ—

> "ਹਰਿ ਦੀ ਕਿਰਿਆ ਨੂੰ ਨਾ ਬੁੱਝ ਸਕਣ ਕਰਕੇ ਹੀ ਅਵਤਾਰ-ਪ੍ਰੰਪਰਾ ਨੇ 'ਪ੍ਰਭੂ ਦਾ ਪੰਥ' ਚਲਾਣ ਦੀ ਥਾਂ ਆਪਣਾ ਆਪਣਾ 'ਪੰਥ' ਚਲਾ ਲਿਆ, 'ਪ੍ਰਭੂ ਦਾ ਨਾਮ' ਜਪਾਣ ਦੀ ਥਾਂ ਆਪਣਾ 'ਨਾਮ' ਜਪਾ ਲਿਆ, 'ਪ੍ਰਭੂ ਦਾ ਭੇਖ' ਠਹਿਰਾਣ ਦੀ ਥਾਂ ਆਪਣਾ ਭੇਖ-ਡਿੰਭ ਰਚਾ ਲਿਆ। ਕਈ ਤਾਂ ਆਪਣੇ ਆਪ ਨੂੰ 'ਪਰਮੇਸ਼ਰ' ਵੀ ਅਖਵਾਣ ਲੱਗ ਪਏ।"

ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕਰਕੇ ਹਿੰਦੂ ਅਵਤਾਰਾਂ ਨੂੰ ਖੰਡਨ ਦੀ ਤੇਜ਼ ਧਾਰ ਨਾਲ ਰੱਦਿਆ ਹੈ। ਕਿਸੇ ਵੀ 'ਗੁਰੂ-ਜੋਤਿ' ਅਧਿਕਾਰੀ ਨੇ 'ਅਵਤਾਰ' ਨੂੰ ਈਸ਼ਵਰ ਮੰਨ ਕੇ, ਉਸ ਦੀ ਪੂਜਾ, ਮਹਿਮਾ ਤੇ ਬੇਅੰਤਤਾ ਨੂੰ ਸਵੀਕਾਰ ਨਹੀਂ ਕੀਤਾ। ਜੇ 'ਗੁਰੂ-ਜੋਤਿ' ਅਵਤਾਰਾਂ ਤੇ ਅਵਤਾਰ-ਵਾਦ ਦਾ ਖੰਡਨ ਤੇ ਵਿਰੋਧ ਕਰਦੀ ਹੈ ਤਾਂ ਕਿਸੇ ਵੀ ਵਿਦਵਾਨ, ਖੋਜੀ ਤੇ ਇਤਿਹਾਸਕਾਰ ਨੂੰ ਇਹ ਅਧਿਕਾਰ ਨਹੀਂ; ਕਿ ਉਹ ਗੁਰੂ ਨਾਨਕ ਦੇਵ ਜੀ ਦੀ ਪਦਵੀ ਦੀ ਤੁਲਨਾ ਜਾਂ ਉਪਮਾ ਕਿਸੇ ਹਿੰਦੂ ਅਵਤਾਰ ਨਾਲ ਦੇਣ।



www.AKJ.Org

( ੩ )

ਜਿਵੇਂ ਹਿੰਦੂ ਮੱਤ ਵਿਚ 'ਅਵਤਾਰਾਂ' ਦੀ ਪੂਜਾ, ਮਹਿਮਾ ਤੇ ਬੇਅੰਤਤਾ ਦਾ ਸੰਕਲਪ ਹੈ, ਇਸੇ ਤਰ੍ਹਾਂ ਯਹੂਦੀ, ਇਸਾਈ ਤੇ ਇਸਲਾਮ ਮੱਤ ਵਿਚ 'ਪੈਗੰਬਰ' ਦੀ ਪੂਜਾ, ਮਹਿਮਾ ਤੇ ਬੇਅੰਤਤਾ ਦਾ ਸੰਕਲਪ ਹੈ। ਇਸਲਾਮੀ ਦੁਨੀਆ ਵਿਚ 'ਪੈਗੰਬਰ' ਉਸਨੂੰ ਸਵੀਕਾਰ ਕੀਤਾ ਗਿਆ ਹੈ, ਜਿਸ ਨੇ 'ਖ਼ੁਦਾ ਦਾ ਪੈਗਾਮ' ਮੁਸਲਮਾਨੀ ਦੁਨੀਆ ਨੂੰ ਦਿੱਤਾ ਹੈ। 'ਹਜ਼ਰਤ ਮੁਹੰਮਦ ਸਾਹਿਬ' ਭਾਵੇਂ ਆਪਣ ਆਪ ਨੂੰ ਖ਼ੁਦਾ ਦਾ ਰਸੂਲ' ਵੀ ਆਖਦੇ ਹਨ, ਪਰ ਇਹ ਪੈਗੰਬਰ ਵੀ ਹਨ, ਜਿਨ੍ਹਾਂ ਨੇ ਇਸਲਾਮੀ ਦੁਨੀਆ ਨੂੰ ਖ਼ੁਦਾ ਦਾ ਪੈਗਾਮ ਵੀ ਸੁਣਾਇਆ ਹੈ। ਇਸੇ ਕਰਕੇ ਮੁਸਲਸਾਨੀ ਧਰਮ ਵਿਚ ਹਜ਼ਰਤ ਸਾਹਿਬ ਦਾ ਪਾਵਨ ਤੇ ਪਵਿੱਤਰ ਪਦ ਹੈ। ਪਰ, ਗੁਰੂ ਨਾਨਕ ਦੇਵ ਜੀ ਦੀ ਪਦਵੀ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ, ਕਿ ਉਹਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਵਾਂਗ ਨਾ ਤਾਂ ਆਪਣੇ ਆਪ ਨੂੰ ਪੈਗੰਬਰ, ਨਬੀ ਤੇ ਰਸੂਲ ਆਖਿਆ ਹੈ, ਅਤੇ ਜੋ ਜੋ ਗਿਆਨ-ਉਪਦੇਸ਼ ਦਿੱਤਾ ਹੈ, ਉਸ ਨੂੰ ਸਿੱਧਾ ਤੇ ਸਪੱਸ਼ਟ ਤ੍ਰਿੰਨ ਕਾਲ ਸਤਿ ਤੇ ਈਸ਼ਵਰ-ਕ੍ਰਿਤ ਆਖਿਆ ਹੈ।

ਹਜ਼ਰਤ ਮੁਹੰਮਦ ਸਾਹਿਬ ਦਾ ਦਾਹਵਾ ਹੈ, ਕਿ 'ਅੱਲਾਹ' ਤੋਂ ਬਿਨਾਂ ਹੋਰ ਕੋਈ ਪਰਮ ਤੱਤ ਨਹੀਂ, ਤੇ ਜਿਹੜਾ ਮੇਰੇ ਤੇ ਈਮਾਨ ਲਿਆਏਗਾ, ਮੈਂ ਕੇਵਲ ਉਸ ਵਾਸਤੇ ਹੀ ਬਹਿੱਸ਼ਤ-ਪ੍ਰਾਪਤੀ ਦੀ ਸਿਫ਼ਾਰਸ਼ ਕਰਾਂਗਾ। ਉਹਨਾਂ ਨੇ ਆਪਣੇ ਪੈਗ਼ਾਮ ਦੇ ਪਾਸਾਰ ਵਾਸਤੇ ਅਥਾਹ ਸਖ਼ਤੀ ਤੇ ਕਤਲਾਮ ਵੀ ਕੀਤਾ। ਜਿਸ ਵਿਅਕਤੀ ਨੇ ਵੀ, ਭਾਵੇਂ ਉਹ ਹਿੰਦੂ ਸੀ ਜਾਂ ਮੁਸਲਮਾਨ, ਹਜ਼ਰਤ ਮੁਹੰਮਦ ਸਾਹਿਬ ਉਤੇ ਆਪਣਾ ਈਮਾਨ ਨਹੀਂ ਲਿਆਂਦਾ, ਉਸ ਨੂੰ ਕਾਫ਼ਰ ਕਹਿ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸ਼ਾਇਦ ਇਸੇ ਕਰਕੇ ਹਜ਼ਰਤ ਮੁਹੰਮਦ ਸਾਹਿਬ ਨੇ 'ਖ਼ੁਦਾ' ਦਾ ਸਰੂਪ 'ਕਹਾਰ' ਤੇ 'ਜਾਬਰ' ਵਾਲਾ ਨਿਸਚਿਤ ਕੀਤਾ ਹੈ। ਪਰ, ਇਸ ਦੇ ਉਲਟ ਗੁਰੂ ਨਾਨਕ-ਪਾਤਿਸ਼ਾਹ ਨੇ ਨਿਰਗੁਣ-ਨਿਰੰਕਾਰ ਪਰਮਾਤਮਾ ਦੇ ਸਰਬ ਰੂਪਾਂ ਨੂੰ ਪਰਮ ਤੱਤ ਸਵੀਕਾਰ ਕੀਤਾ ਹੈ। ਉਸ ਦਾ ਗਿਆਨ ਉਪਦੇਸ਼ ਦੇਣ ਵਾਸਤੇ ਸਖ਼ਤੀ, ਕਤਲਾਮ ਸੰਪਰਦਾਇਕ-ਭਾਵਨਾ ਦੀ ਥਾਂ ਉਹਨਾਂ ਨੇ ਪਿਆਰ, ਤਰਕ ਤੇ ਸਹਿਜ ਨੂੰ ਆਪਣਾ ਆਧਾਰ ਜਾਂ ਹਥਿਆਰ ਬਣਾਇਆ ਹੈ। ਉਹਨਾਂ ਨੇ ਸਰਬ ਮਨੁੱਖਤਾ ਨੂੰ ਰੱਬੀ-ਪੈਗ਼ਾਮ ਸੁਣਾਇਆ। ਕਿਸੇ ਵੀ ਵਿਅਕਤੀ ਨੂੰ ਭਾਵੇਂ ਉਹ ਹਿੰਦੂ ਹੈ ਜਾਂ ਮੁਸਲਮਾਨ, ਉਹਨਾਂ ਨੇ ਇਹ ਨਹੀਂ ਆਖਿਆ, ਕਿ ਮੇਰੇ ਤੇ ਈਮਾਨ ਲਿਆਓ, ਤੇ ਮੈਂ ਤੁਹਾਡੀ ਸਵਰਗ-ਪ੍ਰਾਪਤੀ ਵਾਸਤੇ ਰੱਬ ਕੋਲ ਸਿਫਾਰਸ਼ ਕਰਾਂਗਾ। ਉਹਨਾਂ ਦਾ ਆਦਿ ਤੋਂ ਅੰਤ ਤਕ ਤੇਰਾ, ਤੂੰਹੀਂ ਤੇ ਗੁਰ ਪ੍ਰਸਾਦ ਦੀ ਭਾਵਨਾ ਪ੍ਰਗਟਾਈ ਹੈ, ਹਉ, ਮੈਂ ਤੇ ਮੇਰੀ ਦੀ ਭਾਵਨਾ ਨੂੰ ਤ੍ਰਿਸਕਾਰਿਆ ਹੈ।

ਉਹਨਾਂ ਨੇ ਰੱਬ' ਦਾ ਜਿਹੜਾ ਸਰੂਪ ਉਲੀਕਿਆ, ਉਹ ਵੀ ਕਹਾਰ ਤੇ ਜਾਬਰ ਦੀ ਥਾਂ ਨਿਰਭਉ ਤੇ ਨਿਰਵੈਰ ਵਾਲਾ ਹੈ। ਹਜ਼ਰਤ ਮੁਹੰਮਦ ਸਾਹਿਬ ਵਾਂਗ ਗੁਰੂ ਨਾਨਕ ਦੇਵ ਜੀ ਨੇ ਕਿਸੇ ਨੂੰ ਕਾਫ਼ਰ ਕਹਿ ਕਹਿ ਕੇ ਮੌਤ ਦੇ ਘਾਟ ਨਹੀਂ ਉਤਾਰਿਆ। ਉਹਨਾਂ ਨੇ ਹਰ ਮਨੁੱਖ-ਹਿਰਦੇ ਵਿਚ ਰੱਬ ਦਾ ਵਾਸ ਅਨੁਭਵ ਕਰਕੇ ਉਸ ਦਾ ਭਰਪੂਰ ਸਤਿਕਾਰ ਕੀਤਾ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦ ਗਿਆਨ-ਉਪਦੇਸ਼ਾਂ ਨੂੰ ਮਾਨਵ-ਹਿੱਤਕਾਰੀ ਤੇ ਕਲਿਆਣਕਾਰੀ ਸਵੀਕਾਰ ਕੀਤਾ ਜਾਂਦਾ ਹੈ।

( ੪ )

ਗੁਰੂ ਨਾਨਕ ਦੇਵ ਜੀ ਨੇ, ਹਿੰਦੂ, ਸਿੱਧ-ਜੋਗੀ ਤੇ ਮੁਸਲਮਾਨੀ ਧਰਮ-ਕੇਂਦਰਾਂ ਦੀ ਯਾਤਰਾ ਕਰ ਕੇ ਜੋ ਅਨੁਭਵ ਪ੍ਰਾਪਤ ਕੀਤਾ, ਉਹ ਇਹ ਸੀ, ਕਿ ਹਰ ਪਾਸੇ ਧਰਮ-ਕਰਮ ਦਾ ਵਰਤਾਰਾ ਹੈ, ਭਰਮ-ਭੁਲਾਵਾ ਪ੍ਰਧਾਨ ਹੈ, ਭੇਖ-ਪਹਿਰਾਵੇ ਦਾ ਨਾਮ ਹੈ, ਵਰਨ-ਵੰਡ ਦਾ ਝਗੜਾ ਹੈ, ਹਉਮੈ-ਹੰਕਾਰ ਦਾ ਕੂੜਾ ਅਡੰਬਰ ਹੈ। ਸੱਚ ਧਰਮ ਤੇ ਸਰਮ ਦੀ ਗੁਣਾਤਮਿਕ ਜ਼ਿੰਦਗੀ ਦਾ ਲੱਗ-ਪਗ ਅਭਾਵ ਹੈ। ਪ੍ਰੇਮਾ-ਭਗਤੀ, ਬਿਬੇਕ-ਗਿਆਨ, ਤਿਆਗ ਤੇ ਸੇਵਾ-ਭਾਵ, ਵਰਨ-ਏਕਤਾ ਤੇ ਨਿੰਮ੍ਰਤਾ ਤੋਂ ਸਖਣੀ ਧਰਤਿ-ਲੁਕਾਈ ਦੀ ਜ਼ਿੰਦਗੀ ਨੂੰ ਸੋਧਣ ਵਾਸਤੇ ਹੀ ਗੁਰੂ ਨਾਨਕ ਸਾਹਿਬ ਨੇ ਨੌ-ਖੰਡ-ਪ੍ਰਿਥਮੀ ਦੀ ਯਾਤਰਾ ਕੀਤੀ ਸੀ। ਇਸ ਯਾਤਰਾ ਵਿਚ ਗੁਰੂ



www.AKJ.Org

ਨਾਨਕ-ਪਾਤਿਸ਼ਾਹ ਨੇ ਜਿਥੇ ਬਿਨਾਂ ਕਿਸੇ ਭਿੰਨ-ਭੇਦ ਦੇ, ਹਿੱਤਕਾਰੀ ਤੇ ਕਲਿਆਣਕਾਰੀ ਬਾਣੀ ਰਾਹੀਂ ਵਿਚਾਰ-ਉਪਦੇਸ਼ ਦਿੱਤਾ, ਉਥੇ ਉਹਨਾਂ ਨੇ ਪ੍ਰਚੱਲਤ, ਪਰ ਅਰਥ-ਹੀਣ ਵਿਸ਼ਵਾਸਾਂ ਤੇ ਰਹੁ-ਰੀਤਾਂ ਦਾ ਨਿਰਭੈ ਤੇ ਨਿਰਪੱਖ ਹੋ ਕੇ ਖੰਡਨ ਤੇ ਵਿਰੋਧ ਵੀ ਕੀਤਾ। ਅਰਥ-ਹੀਣ ਵਿਸ਼ਵਾਸਾਂ ਤੇ ਰਹੁ-ਰੀਤਾਂ ਦਾ ਵਿਰੋਧ ਭਾਰਤੀ ਭਗਤੀ ਲਹਿਰ ਤੇ ਸੁਧਾਰਕਾਂ ਨੇ ਵੀ ਕੀਤਾ ਹੈ, ਪਰ ਗੁਰੂ ਨਾਨਕ ਦੇਵ ਜੀ ਦੀ ਵਡਿੱਤਣ ਤੇ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਅਰਥ-ਹੀਣ ਵਿਸ਼ਵਾਸਾਂ ਤੇ ਰਹੁ-ਰੀਤਾਂ ਨੂੰ ਨਾ ਮੰਨਦੇ ਹੋਏ ਵੀ, ਉਹਨਾਂ ਨੇ ਨਵੇਂ ਸੰਕਲਪ ਮੂਰਤੀਮਾਨ ਕਰਕੇ, ਉਹਨਾਂ ਵਿਸ਼ਵਾਸਾਂ ਤੇ ਰਹੁ-ਰੀਤਾਂ ਦੀ ਸਾਰਥਿਕਤਾ ਤੇ ਸੁਭਾਵਕਤਾ ਨੂੰ ਵਧਾਇਆ ਹੈ।

ਦੂਜਾ ਵਿਰੋਧ ਜਾਂ ਨਿਰੋਧ ਕਰਨ ਵਾਸਤ ਜਿਹੜੀ ਕਿਰਿਆ-ਵਿਧੀ ਅਪਣਾਈ ਹੈ, ਉਹ ਇੰਨੀ ਵਿਗਿਆਨਕ, ਮਨੋ-ਵਿਗਿਆਨ ਤੇ ਕਲਾਤਮਿਕ ਹੈ ਕਿ ਉਸ ਦਾ ਅਸਰ ਜਾਦੂ ਵਾਂਗ ਹੁੰਦਾ ਹੈ। ਤੀਜਾ ਵਿਰੋਧ ਤੇ ਖੰਡਨ ਵਿਚ ਉਹਨਾਂ ਨੇ ਨਾ ਤਾਂ ਰੁਤਬੇ ਦੀ ਦੁਰਵਰਤੋਂ ਕੀਤੀ ਹੈ ਅਤੇ ਨਾ ਹੀ ਰੁਹਬ ਤੇ ਰੁਪਏ ਦੀ। ਉਹਨਾਂ ਨੇ ਹਰ ਵਿਅਕਤੀ ਨੂੰ ਉਸ ਦੇ ਗੁਣ-ਔਗੁਣਾਂ ਦਾ ਅਹਿਸਾਸ ਪਿਆਰ, ਗਿਆਨ ਤੇ ਨਾਟਕੀ-ਵਿਅੰਗ ਦੀ ਤਿੱਖੀ ਤੇਗ਼ ਨਾਲ ਕਰਵਾਇਆ। ਵਿਸ਼ੇਸ਼ ਤੌਰ ਤੇ ਸੁਧਾਰ-ਨਮਿੱਤ ਕੀਤੀ ਘਾਲਣਾ ਵਿਚ ਆਲਸ, ਗੁੱਸਾ, ਕੌੜਾ ਬੋਲ, ਹੀਣਤਾ-ਭਾਵ, ਆਕੜ ਤੇ ਵਿਖਾਵੇ ਦੀ ਤਾਂ ਕੋਈ ਥਾਂ ਨਹੀਂ। ਇਹੀ ਕਾਰਨ ਹੈ, ਕਿ ਗੁਰੂ ਨਾਨਕ-ਪਾਤਿਸ਼ਾਹ ਜਿਥੇ ਵੀ ਗਏ, ਉਹ ਆਪਣੇ 'ਕਾਜ' ਵਿਚ ਵਿਜੱਈ ਹੀ ਸਾਬਤ ਹੋਏ। ਬ੍ਰਾਹਮਣਾਂ, ਕਾਜ਼ੀ-ਮੁੱਲਾ ਤੇ ਸਿੱਧ-ਜੋਗੀ, ਉਸ ਵਕਤ ਦੇ ਸਰਬ ਮਜ਼ੁਬ-ਆਗੂਆਂ ਨੇ ਉਨ੍ਹਾਂ ਦੀ ਸਰਬ-ਭਾਵੀ ਉਚਤਮ ਸ਼ਖਸੀਅਤ ਦੀ ਕਰਾਮਾਤ ਨੂੰ ਮੰਨਿਆ ਹੈ। ਕੋਈ ਵੀ ਭਾਰਤੀ ਜਾਂ ਯੂਰਪ ਦਾ ਅਜਿਹਾ ਸੁਧਾਰਕ ਨਹੀਂ, ਜਿਸ ਨੇ ਗੁਰੂ ਨਾਨਕ ਦੇਵ ਜੀ ਵਾਂਗ ਇਕ ਨਵੇਂ ਯੁੱਗ, ਇਕ ਨਵੇਂ ਧਰਮ, ਇਕ ਨਵੀਂ ਵਿਸ਼ਵ-ਸਭਿਅਤਾ ਤੇ ਇਕ ਨਵੀਂ ਜੀਵਨ-ਜਾਚ ਨੂੰ ਨਿਮਰਤ ਤੇ ਉਜਾਗਰ ਕੀਤਾ ਹੋਵੇ। ਇਸ ਕਰਕੇ ਗੁਰੂ ਨਾਨਕ ਦੇਵ ਜੀ ਦੀ ਪਦਵੀ ਦੀ ਤੁਲਣਾ ਕਿਸੇ ਵੀ ਸੁਧਾਰਕ ਆਗੂ ਨਾਲ ਨਹੀਂ ਦਿੱਤੀ ਜਾ ਸਕਦੀ।

ਸਾਰੰਸ਼ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਪੱਦ-ਪਦਵੀ ਦੁਨੀਆ ਦੇ ਰਿਸ਼ੀਆਂ, ਪੈਗੰਬਰਾਂ, ਨਬੀਆਂ, ਅਵਤਾਰਾਂ ਤੇ ਸੁਧਾਰਕਾਂ ਨਾਲੋਂ ਸਪੱਸ਼ਟ, ਭਿੰਨ, ਸਰੇਸ਼ਟ ਤੇ ਸ਼੍ਰੋਮਣੀ ਹੈ। ਹਾਂ, ਉਹਨਾਂ ਦੀ 'ਪਦਵੀ' ਉਸ ਰਹਿ-ਨੁਮਾ ਦੀ ਹੈ, ਜਿਸ ਨੇ ਮਨੁੱਖ ਜਾਤੀ ਨੂੰ ਹਰ ਪਰਕਾਰ ਦੇ ਦੁੱਖ, ਕਲੇਸ਼, ਸੰਕਟ ਤੇ ਅਨਿਆਂ ਤੋਂ ਬਚਣ ਹਿੱਤ, ਵੰਡ-ਵਿਤਕਰੇ ਜਾਂ ਸੰਪਰਦਾਇਕ-ਸ਼ਕਤੀਆਂ ਨੂੰ ਮੁਕਾਣ ਨਮਿੱਤ, ਮਲੇਛ ਤੇ ਪਸ਼ੂ-ਬੁਧੀ ਨੂੰ ਝਟਕਾਣ, ਸੱਚ, ਸ਼ਾਂਤੀ ਤੇ ਸਹਿਜ-ਬਿਰਤੀਆਂ ਨੂੰ ਜਗਾਣ ਹਿੱਤ ਧਰਮ-ਗਿਆਨ ਦਾ ਉਪਦੇਸ਼ ਦਿੱਤਾ ਹੈ।

---


## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੇ | ੧੫-੦੦ |
| ਰੰਗਲੇ ਸੱਜਣ | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ (ਨਵੀਂ ਛਾਪ) | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੱਖਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉੱਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ | [illegible] | [illegible] ਅਗਿਆਨ ਤੋਂ ਉਜਿਆਰਾ | ੧-੦੦ |

www.AKJ.Org

# ਆਰੋਗ ਕੰਚਨ ਦੇਹੀ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਵਾਹਿਗੁਰੂ ਜੀ ਨੇ ਪ੍ਰਾਣੀ ਨੂੰ ਕੰਚਨ ਵਰਗੀ ਦੇਹੀ ਨਾਮ ਜਪਣ ਲਈ ਬਖ਼ਸ਼ੀ ਹੈ। ਇਹ ਕਾਇਆ (ਸਰੀਰ) ਓਦੋਂ ਹੀ ਕੰਚਨ-ਵੰਨਾ ਹੈ, ਸੋਨੇ ਵਰਗਾ ਹੈ ਜਦੋਂ ਇਹ ਨਾਮ ਜਪਦਾ ਹੈ। ਗੁਰ ਫ਼ੁਰਮਾਨ ਹੈ—

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥੧॥੧੬॥ (ਪੰਨਾ ੪੪੯)

ਇਸ ਸਰੀਰ ਰੂਪੀ ਗੜ੍ਹ-ਕਿਲ੍ਹੇ ਵਿਚ ਜਦੋਂ ਹਰੀ ਹਰੀ ਨਾਮ ਦੇ ਜਾਪ ਨਾਲ ਹਰੀ ਪ੍ਰਭੂ ਪਰਗਟ ਹੁੰਦਾ ਹੈ, ਓਦੋਂ ਇਹ ਕਾਇਆ ਕੰਚਨ ਸਮਾਨ ਹੈ। ਇਸ ਤਰ੍ਹਾਂ—

— ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥੨॥੧੨॥ (ਪੰਨਾ ਪ੯੦)

ਅਤੇ— ਕੰਚਨ ਕਾਇਆ ਗੁਰਮੁਖਿ ਬੂਝੀਐ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥ (ਪੰਨਾ ੧੦੪੮)

ਸਤਿਗੁਰੂ ਜੀ ਦਾ ਅਗੇ ਹੋਰ ਹੁਕਮ ਹੈ ਕਿ ਇਸ ਸਰੀਰ ਵਿਚ ਪ੍ਰਭੂ ਦੇ ਚਰਨ-ਕਮਲਾਂ ਦਾ ਵਾਸਾ ਹੋਵੇ ਅਤੇ ਰਸਨਾ ਦੁਆਰਾ ਗੋਪਾਲ-ਪ੍ਰਭੂ ਦਾ ਨਾਮ ਜਪਿਆ ਜਾਏ। ਉਸ ਵਾਹਿਗੁਰੂ-ਪ੍ਰਭੂ ਨੂੰ ਸਿਮਰਨਾ ਹੈ, ਪਰ ਵਾਹਿਗੁਰੂ ਤਦੋਂ ਹੀ ਸਿਮਰਿਆ ਜਾ ਸਕਦਾ ਹੈ ਜੇ ਇਸ ਦੇਹੀ ਦੀ ਸੰਭਾਲ ਕੀਤੀ ਜਾਏ, ਜੇ ਇਸ ਦੀ ਯੋਗ ਢੰਗ ਨਾਲ ਪਾਲਣਾ ਕੀਤੀ ਜਾਏ, ਜੇ ਇਸ ਨੂੰ ਅਰੋਗ ਰਖਿਆ ਜਾਏ। ਗੁਰ ਫ਼ੁਰਮਾਨ ਹੈ—

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੋਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥੧੪॥ (ਪੰਨਾ ੫੫੪)

ਰੋਗੀ ਸਰੀਰ ਕਿਵੇਂ ਅੰਮ੍ਰਿਤ ਵੇਲੇ ਸਤਸੰਗਤ ਵਿਚ ਜਾ ਸਕਦਾ ਹੈ ? ਕਿਵੇਂ ਪ੍ਰਭੂ-ਚਰਨਾਂ ਨਾਲ ਜੁੜ ਸਕਦਾ ਹੈ ? ਤਾਂ ਤੇ ਇਸ ਦੇਹੀ ਨੂੰ ਅਰੋਗ ਰਖਣ ਲਈ ਯੋਗ ਉਪਰਾਲੇ ਕਰਨੇ ਚਾਹੀਦੇ ਹਨ।

ਰੋਗ-ਰਹਿਤ ਜੀਵਨ ਅਰੋਗ ਜੀਵਨ ਕਹਾਉਂਦਾ ਹੈ। ਰੋਗ ਦੋ ਪ੍ਰਕਾਰ ਦੇ ਹਨ—

(੧) ਸ਼ੀਰਕ ਰੋਗ (੨) ਮਾਨਸਕ ਰੋਗ।

**ਸ਼ੀਰਕ ਰੋਗ—**

ਸ਼ੀਰਕ ਰੋਗਾਂ ਦਾ ਸੰਬੰਧ ਸਾਡੇ ਸ਼ੀਰ ਨਾਲ ਹੈ, ਜਿੱਥੇ ਕਿ ਮਾਨਸਕ ਰੋਗ ਮਨ ਦੇ ਨਾਲ ਜੁੜੇ ਹੋਏ ਹਨ, ਸ਼ੀਰ ਦੇ ਰੋਗੀ ਹੋਣ ਦੇ ਮੁੱਖ ਕਾਰਨ ਇਹ ਹਨ—

(ੳ) ਗੰਦੀ ਹਵਾ, (ਅ) ਗੰਦਾ ਪਾਣੀ, (ੲ) ਗ਼ਲਤ ਭੋਜਨ, (ਸ) ਅਣ-ਕੁਦਰਤੀ ਰਹਿਣ ਸਹਿਣ।

ਅੱਜ ਕਲ੍ਹ ਕਾਰਖ਼ਾਨਿਆਂ ਤੇ ਮੋਟਰ ਗੱਡੀਆਂ ਦਾ ਧੂੰਆਂ ਹਵਾ ਨੂੰ ਪਲੀਤ ਕਰਨ ਦਾ ਵੱਡਾ ਕਾਰਨ ਹਨ। ਕਾਰਖ਼ਾਨਿਆਂ ਤੇ ਘਰਾਂ ਦਾ ਗੰਦਾ ਪਾਣੀ ਧਰਤੀ ਥੱਲੜੇ ਪਾਣੀ ਨੂੰ ਅਪਵਿੱਤਰ ਕਰਨ ਦਾ ਮੁੱਖ ਕਾਰਨ ਹੈ। ਧਰਤੀ ਤੇ ਉੱਗੇ ਦਰਖ਼ਤਾਂ ਦੀ ਬੇਰਹਿਮੀ ਨਾਲ ਕਟਾਈ ਹਵਾ ਦੇ ਪਲੀਤ ਹੋਣ ਵਿੱਚ ਕਾਫ਼ੀ ਹਿੱਸਾ ਪਾਉਂਦੀ ਹੈ। ਕਾਰਖ਼ਾਨਿਆਂ ਦੀਆਂ ਚਿਮਨੀਆਂ ਅਤੇ ਮੋਟਰ ਗੱਡੀਆਂ ਦੇ ਨਿਕਾਸ-ਪਾਈਪਾਂ ਵਿੱਚੋਂ ਨਿਕਲੇ ਗੰਦੇ ਧੂਏਂ ਨੂੰ ਕੰਟਰੋਲ ਕਰਨ, ਵਧੇਰੇ ਦਰੱਖ਼ਤ ਉਗਾਉਣ ਅਤੇ ਸੰਘਣੀ ਵਸੋਂ ਨੂੰ ਘੱਟ ਕਰਨ ਨਾਲ ਹਵਾ-ਪਲੀਤੀ ਨੂੰ ਨੱਥ ਪਾਈ ਜਾ ਸਕਦੀ ਹੈ। ਇਸੇ ਤਰ੍ਹਾਂ ਕਾਰਖ਼ਾਨਿਆਂ ਦਾ ਰਸਾਇਣੀ ਤੱਤ ਮਿਲਿਆ ਪਾਣੀ ਅਤੇ ਘਰਾਂ ਦਾ ਮਲ-ਮੂਤਰ ਜੇ ਯੋਗ ਵਿਧੀ ਅਨੁਸਾਰ ਸਾਫ਼ ਕਰ ਲਿਆ ਜਾਏ ਤਾਂ ਸਾਡਾ ਨਦੀ ਨਾਲਿਆਂ ਵਿਚ ਵਗਦਾ ਪਾਣੀ ਪਸ਼ੂ ਪੰਛੀਆਂ ਲਈ ਜਾਨ-ਲੇਵਾ ਦੀ ਥਾਂ ਅਕਸੀਰ ਸਾਬਤ ਹੋ ਸਕਦਾ ਹੈ, ਖੂਹਾਂ ਤੇ ਨਲਕਿਆਂ ਦਾ ਪਾਣੀ ਦੂਸ਼ਤ ਹੋਣੋਂ ਬਚ ਸਕਦਾ ਹੈ ਅਤੇ ਗੰਦੇ ਪਾਣੀ ਵਿਚੋਂ ਕੱਢੇ ਤੱਤ ਖੇਤਾਂ ਲਈ ਖਾਦ ਦਾ ਕੰਮ ਦੇ ਸਕਦੇ ਹਨ। ਕੂੜੇ ਕਰਕਟ ਦੇ ਢੇਰ, ਗੰਦੇ ਪਾਣੀ ਦੇ ਛੱਪੜ ਬਦਬੂ ਅਤੇ ਮੱਛਰ ਪੈਦਾ ਕਰਨੋਂ ਹਟ ਸਕਦੇ ਹਨ, ਜੇ ਅਸੀਂ ਗੰਦਗੀ ਦੇ ਢੇਰਾਂ ਅਤੇ ਗੰਦੇ ਪਾਣੀ ਨੂੰ ਸੰਭਾਲਣ ਦਾ ਯੋਗ ਪ੍ਰਬੰਧ ਕਰ ਲਈਏ।


www.AKJ.Org

ਅਰੋਗ ਜੀਵਨ ਵਾਸਤੇ ਸਾਫ਼ ਸੁਥਰੇ ਪਾਣੀ ਅਤੇ ਹਵਾ ਦੀ ਮੁੱਖ ਲੋੜ ਹੈ, ਪਰ ਇਕੱਲਾ ਪਾਣੀ ਤੇ ਹਵਾ ਹੀ ਅਰੋਗ ਜੀਵਨ ਵਾਸਤੇ ਕਾਫ਼ੀ ਨਹੀਂ ਹਨ, ਸ੍ਰੀਰ ਨੂੰ ਠੀਕ ਤੇ ਸੰਤੁਲਤ ਭੋਜਨ ਦੀ ਵੀ ਲੋੜ ਹੈ। ਆਮ ਲੋਕਾਂ ਦੇ ਬੀਮਾਰ ਹੋਣ ਦੇ ਦੋ ਮੁੱਖ ਕਾਰਨ ਹਨ–

(ੳ) ਗਲਤ ਖ਼ੁਰਾਕ, (ਅ) ਵਧੇਰੇ ਖ਼ੁਰਾਕ।

ਜੇ ਅਸੀਂ ਆਪਣੀ ਖ਼ੁਰਾਕ ਨੂੰ ਕੰਟਰੋਲ ਕਰ ਲਈਏ ਤਾਂ ਅਸੀਂ ਕਾਫ਼ੀ ਹੱਦ ਤਕ ਬੀਮਾਰੀ ਤੋਂ ਬਚ ਸਕਦੇ ਹਾਂ। ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਵਿਕਾਰੀ ਭਜਨ ਸਾਡੀ ਸੇਹਤ ਦੇ ਪੱਕੇ ਦੁਸ਼ਮਣ ਹਨ। ਅਜਿਹੀ ਖ਼ੁਰਾਕ, ਜਿਸ ਦੇ ਖਾਣ ਨਾਲ ਸਾਡੇ ਸ੍ਰੀਰ ਵਿਚ ਵਿਕਾਰ ਪੈਦਾ ਹੁੰਦੇ ਹਨ, ਸਾਨੂੰ ਬਿਲਕੁਲ ਨਹੀਂ ਖਾਣੀ ਚਾਹੀਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਇਉਂ ਹੀ ਕਿਹਾ ਹੈ–

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਸਿਰੀ ਰਾਗ, ਪੰਨਾ ੧੬)

ਘੱਟ ਖ਼ੁਰਾਕ ਨਾਲ ਸਾਡੇ ਸ੍ਰੀਰ ਤੇ ਏਨਾ ਮਾੜਾ ਅਸਰ ਨਹੀਂ ਪੈਂਦਾ ਜਿੰਨਾ ਵਿਗਾੜ ਵੱਧ ਤੇ ਗ਼ਲਤ ਖ਼ੁਰਾਕ ਖਾਣ ਨਾਲ ਪੈਂਦਾ ਹੈ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਨੂੰ ਕਿਹੜੀ ਚੀਜ਼ ਮਾਫ਼ਕ ਹੈ ਅਤੇ ਕਿਹੜੀ ਘਾਤਕ। ਸਾਡੇ ਸ੍ਰੀਰ ਅੰਦਰ ਗੰਦਗੀ ਦੀ ਸਫ਼ਾਈ ਤੰਦਰੁਸਤੀ ਵਾਸਤੇ ਬਹੁਤ ਜ਼ਰੂਰੀ ਹੈ। ਸ੍ਰੀਰ ਅੰਦਰ ਮਲ ਮੂਤਰ ਅਤੇ ਬਲਗਮ ਆਦਿ ਦਾ ਰੁਕੇ ਰਹਿਣਾ ਭਾਂਤ ਭਾਂਤ ਦੇ ਰੋਗਾਂ ਨੂੰ ਹੀ ਜਨਮ ਦੇਂਦਾ ਹੈ।

ਜਿੱਥੇ ਸ੍ਰੀਰ ਦੀ ਅੰਦਰਲੀ ਸਫ਼ਾਈ ਦੀ ਲੋੜ ਹੈ ਉੱਥੇ ਬਾਹਰਲੀ ਸਫ਼ਾਈ ਵੀ ਕੋਈ ਘੱਟ ਜ਼ਰੂਰੀ ਨਹੀਂ। ਬਾਹਰਲੀ ਸਫ਼ਾਈ ਵਾਸਤੇ ਇਸ਼ਨਾਨ ਬਹੁਤ ਲਾਭਕਾਰੀ ਹੈ। ਇਸ਼ਨਾਨ ਕਰ ਕੇ ਸਾਫ਼ ਸੁਥਰੇ ਤੌਲੀਏ ਨਾਲ ਸ੍ਰੀਰ ਨੂੰ ਪੂੰਝ ਕੇ ਸਾਫ਼ ਸੁਥਰੇ ਕੱਪੜੇ ਪਹਿਨਣੇ, ਸ੍ਰੀਰ ਨੂੰ ਮਿੱਟੀ ਘੱਟੇ ਅਤੇ ਗਰਮੀ ਸਰਦੀ ਤੋਂ ਬਚਾਉਣਾ ਹੈ। ਬੇਲੋੜਾ, ਬਹੁਤ ਘੁੱਟਵਾਂ ਅਤੇ ਤੰਗ ਪਹਿਰਾਵਾ ਸ੍ਰੀਰ ਦੇ ਵਧਣ ਫੁੱਲਣ ਵਿਚ ਰੁਕਾਵਟ ਪਾਉਂਦਾ ਹੈ। ਇਵੇਂ ਹੀ ਅਧਨੰਗਾ ਲਿਬਾਸ ਸ੍ਰੀਰ ਨੂੰ ਗਰਮੀ ਅਤੇ ਸਰਦੀ ਦੇ ਮਾਰੂ ਅਸਰਾਂ ਤੋਂ ਨਹੀਂ ਬਚਾਅ ਸਕਦਾ। ਨੰਗੇ ਸਿਰ ਗਲੀਆਂ ਬਾਜ਼ਾਰਾਂ ਵਿਚ ਫਿਰਨਾ, ਸਿਰ ਖੇਹ ਪੁਆਉਣਾ ਹੀ ਹੈ। ਭਾਈ ਨੰਦ ਲਾਲ ਸਿੰਘ ਜੀ ਨੇ ਤਨਖਾਹਨਾਮੇ ਵਿਚ ਇਉਂ ਲਿਖਿਆ ਹੈ–

ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ।
ਦਾਤਨ ਨੀਤ ਕਰੇਇ, ਨਾ ਦੁਖ ਪਾਵੈ, ਲਾਲ ਜੀ।

ਕੇਸਾਂ ਦੀ ਸਫ਼ਾਈ ਵਾਸਤੇ ਦੋਨੋ ਵੇਲੇ ਕੰਘਾ ਕਰਨਾ, ਦੰਦਾਂ ਦੀ ਸਫ਼ਾਈ ਵਾਸਤੇ ਹਰ ਰੋਜ਼ ਦਾਤਣ ਕਰਨੀ ਅਤੇ ਕੇਸਾਂ ਤੇ ਸਿਰ ਦੀ ਸੁਰੱਖਿਆ ਲਈ ਪੱਗ ਨੂੰ ਸੁਆਰ ਕੇ ਬੰਨ੍ਹਣ ਨਾਲ ਦੁੱਖ ਨੇੜੇ ਨਹੀਂ ਆਉਂਦਾ। ਦੰਦ ਸਾਫ਼ ਰੱਖਣ ਕਾਰਨ, ਮੂੰਹ ਰਾਹੀਂ ਖਾਧੀ ਖ਼ੁਰਾਕ ਨਾਲ ਦੰਦਾਂ ਵਿਚ ਫਸੀ ਮੈਲ ਸ੍ਰੀਰ ਦੇ ਅੰਦਰ ਨਹੀਂ ਜਾਵੇਗੀ ਅਤੇ ਪਾਚਨ-ਪ੍ਰਣਾਲੀ ਅਰੋਗ ਰਹੇਗੀ ਤੇ ਸਿੱਟੇ ਵਜੋਂ ਸ੍ਰੀਰ ਤੰਦਰੁਸਤ ਰਹੇਗਾ। ਕੇਸਾਂ ਦੀ ਸਫ਼ਾਈ ਅਤੇ ਦਸਤਾਰ ਸਦਕਾ ਕੇਸ ਸਾਫ਼ ਸੁਥਰੇ ਰਹਿਣਗੇ, ਨਹੀਂ ਤਾਂ "ਸਿਰ ਖੁੱਥੇ ਸ਼ੈਤਾਨੀ" ਅਤੇ ਮੱਤ ਮਾਰੀ ਰਹੇਗੀ।

ਅਰੋਗ ਜੀਵਨ ਵਾਸਤੇ ਕੁਦਰਤੀ ਰਹਿਣ ਸਹਿਣ ਅਤਿ ਲੋੜੀਂਦਾ ਹੈ, ਹਨੇਰ-ਕੋਠੜੀਆਂ ਵਿਚ ਚਲਦੇ ਪੱਖੇ ਅਤੇ ਕੂਲਰ, ਖੂਹਾਂ ਦੇ ਤਾਜ਼ੇ ਪਾਣੀ ਦੀ ਥਾਂ ਬਰਫ਼ ਮਿਲਿਆ ਜਾਂ ਫ਼ਰਿੱਜਾਂ ਦਾ ਬਹੁਤ ਠੰਢਾ ਪਾਣੀ ਗਲਾ ਖ਼ਰਾਬ ਕਰਨ ਅਤੇ ਨਜ਼ਲਾ, ਜ਼ੁਕਾਮ, ਖਾਂਸੀ ਤੇ ਬੁਖ਼ਾਰ ਦਾ ਕਾਰਨ ਹੀ ਬਣਦਾ ਹੈ।

ਕੁਦਰਤੀ ਰੌਸ਼ਨੀ ਅਤੇ ਤਾਜ਼ਾ ਹਵਾ ਸੇਹਤ ਵਾਸਤੇ ਬਹੁਤ ਗੁਣਕਾਰੀ ਹੈ। ਮਿਰਚ ਮਸਾਲਿਆਂ ਵਾਲੇ ਚਟਕੀਲੇ ਖਾਣਿਆਂ ਦੀ ਥਾਂ ਸਾਡਾ ਭੋਜਨ ਤਾਜ਼ਾ, ਸਾਫ਼ ਸੁਥਰਾ ਅਤੇ ਖ਼ੁਰਾਕੀ ਤੱਤਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ! ਸਲਾਦ ਅਤੇ ਹਰੇ ਪੱਤਿਆਂ ਦੀ ਵਰਤੋਂ ਜਿੱਥੇ ਸਾਡੇ ਸ੍ਰੀਰ ਅੰਦਰ ਲੋਹੇ ਦੀ ਘਾਟ ਨੂੰ ਪੂਰਿਆਂ ਕਰਦੀ ਹੈ ਉਥੇ ਇਹ ਸਾਡੇ ਸ੍ਰੀਰ ਅੰਦਰ ਦੀ ਸਫ਼ਾਈ ਕਰਨ ਵਿਚ ਵੀ ਸਹਾਈ ਹੁੰਦੀ ਹੈ। ਚਾਹ ਤੇ ਕਾਫ਼ੀ


www.AKJ.Org

ਦੀ ਥਾਂ ਦੁੱਧ ਦਹੀਂ ਦੀ ਵਰਤੋਂ ਸ੍ਰੀਰ ਨੂੰ ਰਿਸ਼ਟ-ਪੁਸ਼ਟ ਬਨਾਉਣ ਵਾਸਤੇ ਕਾਫ਼ੀ ਗੁਣਕਾਰੀ ਹੈ। ਟੈਰਾਲੀਨ ਦੇ ਕੱਪੜਿਆਂ ਦੀ ਥਾਂ ਸੂਤੀ ਬਸਤਰ ਤੰਦਰੁਸਤ ਸ੍ਰੀਰ ਲਈ ਬਹੁਤ ਲਾਭਵੰਦ ਹਨ। ਲੋੜ ਅਨੁਸਾਰ ਵਰਜ਼ਸ਼ ਅਤੇ ਸੈਰ ਅਰੋਗਤਾ ਲਈ ਬਹੁਤ ਜ਼ਰੂਰੀ ਹੈ। ਨੱਠਣ ਭੱਜਣ, ਪੈਦਲ ਚੱਲਣ-ਫਿਰਨ ਨਾਲ ਸ੍ਰੀਰ ਦੇ ਸਾਰੇ ਅੰਗ ਆਪਣੀ ਕਿਰਿਆ ਕਰਦੇ ਰਹਿੰਦੇ ਹਨ ਅਤੇ ਬੀਮਾਰੀ ਲਾਗੇ ਨਹੀਂ ਆਉਂਦੀ। ਘਰਾਂ ਦੇ ਅੰਦਰ ਕੁਰਸੀਆਂ ਤੇ ਸੋਫ਼ਿਆਂ ਵਿਚ ਜਕੜਿਆ ਮਨੁੱਖ ਰੋਗਾਂ ਦਾ ਘਰ ਬਣਿਆ ਰਹਿੰਦਾ ਹੈ, ਜਿਵੇਂ ਵਰਤੋਂ ਵਿਚ ਨਾਂ ਲਿਆਂਦੀ ਮੋਟਰ ਗੱਡੀ ਨੂੰ ਖੜ੍ਹੀ ਖੜ੍ਹੀ ਨੂੰ ਜੰਗਾਲ ਹੀ ਲਗਦਾ ਹੈ। ਬਹੁਤੀ ਦੇਰ ਬਿਸਤਰਿਆਂ ਤੇ ਲੇਟੇ ਰਹਿਣਾ ਬੀਮਾਰੀ ਨੂੰ ਹੀ ਸੱਦਾ ਦੇਣਾ ਹੈ। ਥੋੜਾ ਜਿਹਾ ਸਿਰ-ਦਰਦ ਹੋਇਆ, ਟੱਟੀ ਨਾ ਆਈ, ਨੀਂਦ ਨਾ ਪਈ, ਝੱਟ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ, ਕੋਈ ਬਹੁਤੀ ਚੰਗੀ ਗੱਲ ਨਹੀਂ। ਕੁਦਰਤੀ ਇਲਾਜ ਹੀ ਵਧੇਰੇ ਠੀਕ ਹੈ। ਫ਼ਾਕਾ, ਆਰਾਮ, ਇਸ਼ਨਾਨ, ਵਰਜ਼ਸ਼, ਸੈਰ ਆਦਿ ਦਾ ਸਹਾਰਾ ਵਧੇਰੇ ਲਾਭਦਾਇਕ ਹੈ।

### ਮਾਨਸਕ ਰੋਗ—

ਹੁਣ ਤਕ ਅਸੀਂ ਸ੍ਰੀਰਕ ਰੋਗਾਂ ਬਾਰੇ ਵਿਚਾਰ ਕੀਤੀ ਹੈ। ਆਓ ਹੁਣ ਮਾਨਸਕ ਪਹਿਲੂ ਵਲ ਵੀ ਧਿਆਨ ਦੇਈਏ। ਸਾਡਾ ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਅਧੀਨ ਕਿਰਿਆ ਕਰਦਾ ਹੈ। ਜੇ ਇਉਂ ਕਹਿ ਲਈਏ ਕਿ ਇਨ੍ਹਾਂ ਪੰਜਾਂ ਚੋਰਾਂ ਦਾ ਗੁਲਾਮ ਹੈ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਜਿੰਨੀ ਦੇਰ ਸਾਡੇ ਮਨ ਤੇ ਇਨ੍ਹਾਂ ਪੰਜਾਂ ਦਾ ਰਾਜ ਹੈ, ਉਨੀ ਦੇਰ ਅਸੀਂ ਆਜ਼ਾਦ ਨਹੀਂ ਕਹਾ ਸਕਦੇ। ਇਨ੍ਹਾਂ ਪੰਜਾਂ ਨੇ ਸਾਡੇ ਸ੍ਰੀਰ ਅੰਦਰਲੇ ਸਤ (ਅੰਮ੍ਰਿਤ) ਨੂੰ ਲੁੱਟਣਾ ਹੈ, ਜਿਸ ਦੇ ਸਿੱਟੇ ਵਜੋਂ ਸਾਡੇ ਸ੍ਰੀਰ ਵਿਚ ਨਿਰਬਲਤਾ ਆਉਣੀ ਹੈ ਅਤੇ ਬੀਮਾਰੀਆਂ ਪੈਦਾ ਹੋਣੀਆਂ ਹਨ। ਵਧੇਰੇ ਖ਼ੂਨ ਦਬਾ (*High blood pressure*), ਦਿਮਾਗੀ ਬੋਝ (*Tension*), ਦਿਲ ਦਾ ਰੋਗ (*Heart trouble*) ਨੀਂਦ ਨਾ ਪੈਣੀ, ਜੋੜਾਂ ਦੇ ਦੇ ਦਰਦ, ਬੇਚੈਨੀ, ਘਬਰਾਹਟ, ਆਦਿ ਰੋਗ ਅਸ਼ਾਂਤ ਮਨ ਦੀ ਹੀ ਉਪਜ ਹਨ। ਜਿੰਨੀ ਦੇਰ ਤਕ ਅਸੀਂ ਪੰਜ ਚੋਰਾਂ ਦੀ ਚੰਦਰ ਤੋਂ ਪਿੱਛਾ ਨਹੀਂ ਛੁਡਾਉਂਦੇ ਅਤੇ ਇਨ੍ਹਾਂ ਨੂੰ ਆਪਣੇ ਕਾਬੂ ਵਿਚ ਨਹੀਂ ਕਰਦੇ, ਇਨ੍ਹਾਂ ਨੂੰ ਨੌਕਰ ਬਣਾ ਕੇ ਆਪਣਾ ਰਾਜ ਸਥਾਪਤ ਨਹੀਂ ਕਰਦੇ, ਅਸੀਂ ਮਾਨਸਕ ਰੋਗਾਂ ਤੋਂ ਬਚ ਨਹੀਂ ਸਕਦੇ। ਹਰ ਜੀਵ ਨੂੰ ਕਿਸੇ ਨਾ ਕਿਸੇ ਵੈਰੀ ਨੇ ਦਬੇਲ ਬਣਾਇਆ ਹੋਇਆ ਹੈ, ਕੋਈ ਨਾ ਕੋਈ ਰੋਗ ਚੰਬੜਿਆ ਹੋਇਆ ਹੈ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੇਠਲੇ ਸ਼ਬਦ ਵਿਚ ਬਿਆਨ ਕੀਤਾ ਹੈ :—

ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥<br>
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥<br>
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥<br>
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥<br>
ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥

(ਪੰਨਾ ੧੧੪੦—੪੧)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੀ ਜੜ੍ਹ ਸੁਆਦ ਹੈ। ਦੇਖਣ, ਸੁਣਨ, ਚੱਖਣ, ਸੁੰਘਣ ਅਤੇ ਸਪਰਸ਼ ਦੇ ਸੁਆਦ ਕਾਰਨ ਇਹ ਪੰਜੇ ਰੋਗ ਲਗਦੇ ਹਨ। ਜੇ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਈ ਜੁਗਤੀ ਨੂੰ ਅਪਣਾਅ ਲਈਏ ਅਤੇ ਸੁਆਦਾਂ ਮਗਰ ਨਾ ਭੱਜੀਏ ਤਾਂ ਅਸੀਂ ਮਾਨਸਕ ਰੋਗਾਂ ਤੋਂ ਖਲਾਸੀ ਪਾ ਸਕਦੇ ਹਾਂ—

ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ॥<br>
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ ॥੨॥



www.AKJ.Org

ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹਿ ਪਾਵੈ ॥੩॥੧॥
(ਰਾਮਕਲੀ ਪਾ: ੧੦)

ਮਾਨਸਕ ਰੋਗਾਂ ਦਾ ਇਲਾਜ ਰਸਾਇਣਕ ਦਵਾ ਦਾਰੂ ਨਹੀਂ, ਸਗੋਂ ਮਨ ਨੂੰ ਪੰਜਾਂ ਰੋਗਾਂ ਦੇ ਦਬਾਅ ਤੋਂ ਮੁਕਤ ਕਰਾਣਾ ਹੈ। ਸਾਡਾ ਸ੍ਰੀਰ ਰਿਸ਼ਟ ਪੁਸ਼ਟ ਰਹਿ ਹੀ ਨਹੀਂ ਸਕਦਾ, ਜਿੰਨੀ ਦੇਰ ਤਕ ਸਾਡਾ ਮਨ ਪੰਜਾਂ ਚੋਰਾਂ ਦਾ ਦਬੇਲ ਹੈ। ਇਨ੍ਹਾਂ ਦਾ ਦਾਬਾ ਸਤਿਗੁਰੂ ਦੀ ਸਿਖਿਆ ਤੇ ਚੱਲਣ ਨਾਲ ਖ਼ਤਮ ਹੋਵੇਗਾ। ਮਨ ਜਦੋਂ ਸੁਤੰਤਰ ਹੋ ਗਿਆ, ਰੋਗ ਕੱਟੇ ਜਾਣਗੇ ਅਤੇ ਅਰੋਗਤਾ ਵੇਹੜੇ ਆ ਵੜੇਗੀ । ਸਤਿਗੁਰੂ ਦੀ ਮਿਹਰ ਸਦਕਾ ਹੀ ਰੋਗਾਂ (ਵੈਰੀਆਂ) ਤੋਂ ਛੁਟਕਾਰਾ ਮਿਲੇਗਾ—

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥
(ਭੈਰਉ ਮ: ੫, ਪੰਨਾ ੧੧੪੧)

ਅਰੋਗਤਾ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਇਉਂ ਉਪਦੇਸ਼ ਕਰਦੇ ਹਨ—

ਕਰਿ ਇਸਨਾਨੁ, ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥੧॥੧੧॥ (ਪੰਨਾ ੬੧੧)

ਸ੍ਰੀ ਸੁਖਮਨੀ ਸਾਹਿਬ ਵਿਚ ਗੁਰੂ ਜੀ ਸਾਰੀਆਂ ਬੀਮਾਰੀਆਂ ਦੀ ਦੁਆਈ ਨਾਮ ਸਿਮਰਨ ਹੀ ਦੱਸਦੇ ਹਨ—

ਸਰਬ ਰੋਗ ਕਾ ਅਉਖਦੁ ਨਾਮੁ ॥੫॥੯॥

ਇਸ ਤੋਂ ਉਲਟ ਪ੍ਰਭੂ ਨੂੰ ਵਿਸਾਰਿਆਂ ਰੋਗਾਂ ਦਾ ਬੂਹਾ ਖੋਲ੍ਹਣ ਦੇ ਬਰਾਬਰ ਹੈ—

ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥੨॥੭॥
(ਮਲਾਰ ਮ: ੧, ਪੰਨਾ ੧੨੫੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ—

ਸੰਸਾਰੁ ਰੋਗੀ, ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥੧॥ (ਪੰਨਾ ੬੮੭)

ਮਾਇਆ ਅਥਵਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਮੈਲ ਇਸ਼ਨਾਨ ਕਰਨ ਅਤੇ ਨਾਮ ਜਪਣ ਨਾਲ ਦੂਰ ਹੋਣੀ ਹੈ । ਮਲ-ਮੂਤਰ ਨਾਲ ਪਲੀਤ ਕੱਪੜੇ ਸਾਬਣ ਲਾ ਕੇ ਧੋਤੇ ਜਾ ਸਕਦੇ ਹਨ ਅਤੇ ਮਨ ਤੇ ਪਈ ਵਿਕਾਰਾਂ ਦੀ ਮੈਲ ਨਾਮ ਦੇ ਰੰਗ ਨਾਲ ਧੋਤੀ ਜਾ ਸਕਦੀ ਹੈ—

ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥੨੦॥ (ਜਪੁ ਜੀ ਸਾਹਿਬ)

ਪਾਣੀ ਨਾਲ ਇਸ਼ਨਾਨ ਸ੍ਰੀਰਕ ਸਫ਼ਾਈ ਵਾਸਤੇ ਜ਼ਰੂਰੀ ਹੈ ਅਤੇ ਮਨ ਦੀ ਮੈਲ "ਨਾਮ" ਨੇ ਕੱਟਣੀ ਹੈ। ਇਸੇ ਹੀ ਕਰਕੇ ਸਤਿਗੁਰੂ ਜੀ ਕਹਿੰਦੇ ਹਨ—

ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥ਰਹਾਉ॥੨੮॥ (ਪੰਨਾ ੧੦੦੭)

ਗੁਰਮਤਿ ਅੰਦਰ ਬਾਣੀ ਅੰਮ੍ਰਿਤ ਹੈ, ਨਾਮ ਅੰਮ੍ਰਿਤ ਹੈ, "ਅੰਮ੍ਰਿਤ" ਕਿਰਪਾ ਜਲ ਹੈ, "ਅੰਮ੍ਰਿਤ" ਬਾਣੀ ਦੀ ਪਾਰਸ-ਕਲਾ ਨਾਲ ਬਣਦਾ ਹੈ। ਬਾਣੀ ਨੂੰ ਪੜ੍ਹਨ, ਸੁਣਨ, ਲਿਖਣ, ਵਿਚਾਰਨ ਅਤੇ ਗਾਉਣ ਨਾਲ ਅੰਮ੍ਰਿਤ ਝਰਦਾ ਹੈ।

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ, ਇਹੁ ਅਉਖਧੁ ਜਗਿ ਸਾਰਾ ॥੩॥੧॥ (ਪੰਨਾ ੬੫੯)

ਪੰਜ ਪਿਆਰੇ ਬਾਣੀ ਪੜ੍ਹ ਕੇ ਸਰਬ ਲੋਹ ਦੇ ਬਾਟੇ ਵਿਚ ਖੰਡਾ ਫੇਰ ਕੇ ਅੰਮ੍ਰਿਤ ਜਲ ਹੀ ਤਾਂ ਤਿਆਰ ਕਰਦੇ ਹਨ। ਗੁਰਮੁਖਿ ਪਿਆਰੇ ਜਦੋਂ ਰਸਨਾ ਨਾਲ ਨਾਮ ਜਪਦੇ ਹਨ, ਅੰਮ੍ਰਿਤ-ਜਲ ਹੀ ਤਾ ਮੂੰਹ ਵਿਚ ਤਿਆਰ ਹੁੰਦਾ ਹੈ। ਪ੍ਰੇਮ ਸਹਿਤ ਬਾਣੀ ਪੜ੍ਹਨ ਅਤੇ ਗਾਉਣ ਨਾਲ ਅਸੀਂ ਆਪਣੇ ਮੁੱਖ ਵਿਚ ਅੰਮ੍ਰਿਤ ਹੀ ਤਾਂ


www.AKJ.Org

ਪਾਉਂਦੇ ਹਾਂ, ਅੰਮ੍ਰਿਤ ਦੇ ਗਟਾਕ ਹੀ ਪੀਂਦੇ ਹਾਂ—

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ, ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥੬॥ (ਪੰਨਾ ੪੯੪)

ਇਹ ਅੰਮ੍ਰਿਤ ਜਦੋਂ, ਸਾਡੇ ਸ੍ਰੀਰ ਅੰਦਰ ਜਾਂਦਾ ਹੈ, ਤਨ ਤੇ ਮਨ ਨੂੰ ਧੋ ਦਿੰਦਾ ਹੈ, ਇਸ਼ਨਾਨ ਹੋ ਜਾਂਦਾ ਹੈ; ਨਿਰੇ ਜ਼ਲ ਦਾ ਇਸ਼ਨਾਨ ਨਹੀਂ, ਸਗੋਂ ਅੰਮ੍ਰਿਤ ਜਲ ਨਾਲ ਇਸ਼ਨਾਨ, ਹਾਂ ਹਾਂ ਅੰਮ੍ਰਿਤ-ਸਰ ਦਾ ਇਸ਼ਨਾਨ, ਅੰਮ੍ਰਿਤ ਦੇ ਸਰੋਵਰ ਦਾ ਇਸ਼ਨਾਨ। ਉਹ ਇਸ਼ਨਾਨ ਜਿਸ ਸਦਕਾ ਤਨ ਤੇ ਮਨ ਦੋਵੇਂ ਅਰੋਗ ਹੋ ਜਾਂਦੇ ਹਨ, ਉਹ ਇਸ਼ਨਾਨ ਜਿਹੜਾ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਫੁ ॥੩॥੩॥

(ਸੂਹੀ ਮ: ੫, ਪੰਨਾ ੭੩੨)

ਅਕਾਲ ਪੁਰਖ ਨੇ ਮਨੁੱਖਾ ਸ੍ਰੀਰ ਅੰਦਰ ਵੀ ਅੰਮ੍ਰਿਤ ਦਾ ਕੁੰਡ ਬਣਾਇਆ ਹੋਇਆ ਹੈ। ਇਸ ਕੁੰਡ ਵਿਚੋਂ ਅੰਮ੍ਰਿਤ ਝਰਦਾ ਹੈ, ਪਰ ਝਰਦਾ ਉਸ ਗੁਰਮੁਖਿ ਪਿਆਰੇ ਦੇ ਸ੍ਰੀਰ ਵਿਚ ਹੀ ਹੈ ਜਿਸਦੇ ਫਾਟਕ ਖੁੱਲ੍ਹਦੇ ਹਨ। ਇਹ ਕੁੰਡ ਸ੍ਰੀਰ ਦੇ ਉਤਲੇ ਭਾਗ ਅਥਵਾ ਸੀਸ ਵਿਚ ਹੈ ਅਤੇ ਦਸਮ ਦੁਆਰ ਦੇ ਅੰਦਰ ਹੈ। ਜਿੰਨੀ ਦੇਰ "ਗੋਬਿੰਦ ਸਾਗਰ" ਦੇ ਫਾਟਕ ਨਹੀਂ ਖੁੱਲ੍ਹਦੇ, ਜਲ ਬਾਹਰ ਨਹੀਂ ਆਉਂਦਾ। ਅੰਮ੍ਰਿਤ ਜਲ ਦੇ ਝਰਨ ਨਾਲ ਦੁੱਖਾਂ ਭੰਨਿਆ ਰੋਗੀ ਸ੍ਰੀਰ, ਅਥਵਾ, ਸੁੱਕਾ ਸੜਿਆ ਖੇਤ ਹਰਿਆ ਭਰਿਆ ਹੋ ਜਾਂਦਾ ਹੈ। ਜਦੋਂ ਦਸਮ ਦੁਆਰ ਖੁੱਲ੍ਹਦਾ ਹੈ ਤਾਂ ਅੰਮ੍ਰਿਤ ਝਰਦਾ ਹੈ। ਜੋਤਿ ਦੇ ਪ੍ਰਗਟ ਹੋਣ ਨਾਲ ਚਾਨਣ ਹੋ ਜਾਂਦਾ ਹੈ ਅਤੇ ਅਨਹਦ ਨਾਦ ਸ਼ੁਰੂ ਹੋ ਜਾਂਦਾ ਹੈ। ਇਹ ਸਾਰੀ ਖੇਡ ਸਤਿਗੁਰੂ ਦੀ ਮੇਹਰ ਸਦਕਾ ਹੀ ਵਰਤਦੀ ਹੈ—

ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥
ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥ (ਪੰਨਾ ੩੯੬)

ਇਸ ਖੇਡ ਸਦਕਾ ਸਹੀ ਅਰਥਾਂ ਵਿਚ ਸਦੀਵੀ ਅਰੋਗਤਾ ਮਿਲ ਜਾਂਦੀ ਹੈ। ਅੰਮ੍ਰਿਤ ਜਲ ਦੇ ਦਸਮ ਦੁਆਰ ਵਿਚੋਂ ਝਰਨ ਨਾਲ—

ਪ੍ਰਥਮੇ ਮਿਟਿਆ ਤਨ ਕਾ ਦੂਖੁ ॥ ਮਨ ਸਗਲ ਕਉ ਹੋਆ ਸੂਖੁ ॥
ਕਰਿ ਕਿਰਪਾ ਗੁਰਿ ਦੀਨੋ ਨਾਉ ॥ ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥੧॥
ਗੁਰੁ ਪੂਰਾ ਪਾਇਓ ਮੇਰੇ ਭਾਈ ॥
ਰੋਗ ਸੋਗ ਸਭ ਦੂਖ ਬਿਨਾਸੇ, ਸਤਿਗੁਰ ਕੀ ਸਰਣਾਈ ॥ਰਹਾਉ॥੧੦੦॥

(ਆਸਾ ਮ: ੫, ਪੰਨਾ ੩੯੫)

ਅੰਮ੍ਰਿਤ ਜਲ ਦੇ ਝਰਨ ਨਾਲ ਸ੍ਰੀਰ ਵਿਚ ਖੇੜਾ ਆ ਜਾਂਦਾ ਹੈ, ਸਦ-ਚਿਤ-ਅਨੰਦ ਦੀ ਵਿਵਸਥਾ ਬਣ ਜਾਂਦੀ ਹੈ, ਧਰਮ ਰਾਜੇ ਦੇ ਦਫ਼ਤਰ ਦਾ ਲੇਖਾ-ਜੋਖਾ ਖ਼ਤਮ ਹੋ ਜਾਂਦਾ ਹੈ, ਅੱਠੇ ਪਹਰ ਅਨਹਦ ਸ਼ਬਦ ਦੇ ਵੱਜਣ ਅਤੇ ਇਕ-ਰਸ ਸਿਮਰਨ ਸਦਕਾ ਹਲਤ ਤੇ ਪਲਤ ਦੋਵੇਂ ਸਵਾਰੇ ਜਾਂਦੇ ਹਨ, ਦੁੱਖਾਂ ਤੇ ਰੋਗਾਂ ਦੀ ਥਾਂ ਇਸ ਜਹਾਨ ਵਿਚ ਵੀ ਸੁਖ ਅਤੇ ਪਰਲੋਕ ਵਿਚ ਵੀ ਸੁੱਖ ਮਿਲਦੇ ਹਨ। ਜਮਾਂ ਦੀ ਮਾਰ ਤੋਂ ਛੁਟਕਾਰਾ ਮਿਲ ਜਾਂਦਾ ਹੈ—

ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥੧੦॥ (੨੫੨)

ਜਨਮ ਮਰਨ ਦਾ ਗੇੜ ਖ਼ਤਮ ਹੋ ਜਾਂਦਾ ਹੈ, ਮੁੜ ਮੁੜ ਭਾਂਤ ਭਾਂਤ ਦੀਆਂ ਜੂਨਾਂ ਵਿਚ ਪੈਣਾ ਮੁੱਕ ਜਾਂਦਾ ਹੈ—

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥੨॥੧॥ (ਸੁਖਮਨੀ ਸਾਹਿਬ)

ਦੁਨੀਆ ਦੇ ਡਾਕਟਰਾਂ, ਵੈਦਾਂ ਹਕੀਮਾਂ ਦੀਆਂ ਦੁਆਈਆਂ ਸਦੀਵੀ ਅਰੋਗਤਾ ਨਹੀਂ ਦੇ ਸਕਦੀਆਂ। ਉਨ੍ਹਾਂ ਦੀਆਂ ਦੁਆਈਆਂ ਨਾਲ ਜੇ ਇਕ ਰੋਗ ਹਟ ਗਿਆ ਤਾਂ ਦੂਜਾ ਲੱਗ ਗਿਆ। ਪਰ ਧੰਨ ਹੈ ਮੇਰਾ ਵੈਦ ਗੁਰੂ, ਜਿਹੜਾ ਐਸੀ ਦੁਆਈ ਦਿੰਦਾ ਹੈ, ਜਿਸ ਨਾਲ ਤਨ ਤੇ ਮਨ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ। ਕੇਵਲ ਰੋਗ ਹੀ



www.AKJ.Org

ਦੂਰ ਨਹੀਂ ਹੁੰਦੇ, ਸਗੋਂ ਜਮਾਂ ਦਾ ਫੰਧਾ ਵੀ ਕੱਟਿਆ ਜਾਂਦਾ ਹੈ–

ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ, ਕਾਟੈ ਜਮ ਕੀ ਫੰਧਾ ॥੧॥ਰਹਾਉ॥੩੪॥
(ਸੋਰਠਿ ਮ: ੫, ਪੰਨਾ ੬੧੮)

ਵੈਦ ਗੁਰੂ ਦੀ ਦੁਆਈ ਨਾਲ ਹੀ ਅਰੋਗਤਾ ਮਿਲਦੀ ਹੈ ਅਤੇ ਰੋਗ-ਰਹਿਤ ਜੀਵਨ ਬਤੀਤ ਹੁੰਦਾ ਹੈ। ਅਰੋਗਤਾ ਤੋਂ ਛੁੱਟ ਇਸ ਦੁਆਈ ਨਾਲ "ਗੋਬਿੰਦ ਮਿਲਣ" ਦਾ ਜੀਵਨ-ਉਦੇਸ਼ ਵੀ ਪੂਰਾ ਹੋ ਜਾਂਦਾ ਹੈ ਅਤੇ ਜੀਵਨ ਯਾਤਰਾ ਪੂਰੀ ਸਫਲ ਹੋ ਜਾਂਦੀ ਹੈ–

ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥ਰਹਾਉ ਦੂਜਾ ॥
(ਧਨਾਸਰੀ ਮ: ੫, ਪੰਨਾ ੬੮੭)

ਵੈਦ-ਗੁਰੂ ਕੋਲ ਸਾਰੇ ਰੋਗਾਂ ਦੀ ਇੱਕੋ ਹੀ ਦੁਆਈ "ਸਰਬ ਰੋਗ ਕਾ ਅਉਖਦੁ (ਦੁਆਈ) ਨਾਮੁ" ਹੈ।

ਇਸ ਦੁਆਈ ਦੀ ਪ੍ਰਾਪਤੀ ਵਾਸਤੇ ਬਹੁਤੀ ਨੱਠ ਭੱਜ ਨਹੀਂ ਕਰਨੀ ਪੈਂਦੀ। ਜਦੋਂ ਅਸੀਂ ਨਿਗੁਰੇ ਤੋਂ ਗੁਰੂ ਵਾਲੇ ਬਣਨ ਵਾਸਤੇ ਖੰਡੇ ਦੀ ਪਾਹੁਲ ਲੈਂਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਪੰਜ ਪਿਆਰੇ ਸਾਨੂੰ "ਨਾਮ" ਦ੍ਰਿੜੁ ਕਰਵਾ ਦਿੰਦੇ ਹਨ, ਸਾਨੂੰ ਹਮੇਸ਼ਾ ਵਾਸਤੇ ਸਾਰੇ ਰੋਗਾਂ ਦੀ ਦੁਆਈ ਮਿਲ ਜਾਂਦੀ ਹੈ। ਬੱਸ ! ਫੇਰ ਤਾਂ "ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ" (੨੮੮) ਦੀ ਲੋੜ ਹੈ। ਉਠਦਿਆਂ-ਬਹਿੰਦਿਆਂ, ਤੁਰਦਿਆਂ-ਫਿਰਦਿਆਂ, ਸੁੱਤਿਆਂ ਜਾਗਦਿਆਂ, ਸ੍ਵਾਸ ਸ੍ਵਾਸ ਨਾਮ ਜਪਣ ਦੀ ਲੋੜ ਹੈ। ਸਾਡੇ ਆਲੇ-ਦੁਆਲੇ ਲਕੀਰ ਖਿੱਚੀ ਜਾਂਦੀ ਹੈ, ਜਿਸ ਅੰਦਰ ਕੋਈ ਵੀ ਕਿਲਵਿਖ ਪੈਰ ਨਹੀਂ ਪਾ ਸਕਦਾ–

ਚਉਗਿਰਦ ਹਮਾਰੈ ਰਾਮ ਕਾਰ, ਦੁਖੁ ਲਗੈ ਨ ਭਾਈ ॥੧॥੭੯॥ (ਬਿਲਾਵਲੁ ਮ: ੫, ਪੰਨਾ ੮੧੯)

ਇਉਂ ਦਿਨ ਰਾਤ ਖੰਡਾ ਖੜਕਾਉਣ ਅਥਵਾ ਨਾਮ ਜਪਣ ਨਾਲ ਕੋਈ ਵੈਰੀ ਨੇੜੇ ਨਹੀਂ ਆਉਂਦਾ। ਜਦ ਸਾਰੇ ਵੈਰੀ ਸਾਧੇ ਗਏ, ਅਥਵਾ, ਫ਼ਤਹ ਕਰ ਲਏ, ਫਿਰ ਸਾਰੇ ਝੇੜੇ ਝਾਂਜੇ, ਕਿਲਵਿਖ ਦੂਰ ਹੋ ਗਏ, ਸ੍ਰੀਰ ਰੂਪੀ ਕਿਲ੍ਹੇ ਅੰਦਰਲੀ ਅਮੋਲਕ ਵਸਤੂ "ਅੰਮ੍ਰਿਤ" ਦੀ ਲੁਟ ਬੰਦ ਹੋ ਗਈ। ਅੰਮ੍ਰਿਤ ਨੇ ਤਾਂ ਫੇਰ ਆਪਣਾ ਰੰਗ ਦਿਖਾਉਣਾ ਹੀ ਹੋਇਆ, ਰੋਗਾਂ ਦੇ ਕੱਟੇ ਜਾਣ ਤੇ ਅਰੋਗਤਾ ਤਾਂ ਆਉਣੀ ਹੀ ਹੋਈ। ਅਰੋਗਤਾ ਆ ਗਈ ਤਾਂ ਰੋਗ-ਰਹਿਤ ਜੀਵਨ ਮਿਲ ਗਿਆ ਅਤੇ ਸਿਮਰਨ ਸਦਕਾ "ਹਲਤਿ ਸੁਖੁ, ਪਲਤਿ ਸੁਖੁ, ਨਿਤ ਸੁਖੁ ਸਿਮਰਨੋ" (੬੮੩) ਦੀ ਸਥਿਤੀ ਤੇ ਆ ਪਹੁੰਚੇ।

ਆਓ ! ਸਦੀਵੀ ਅਰੋਗ ਜੀਵਨ ਵਾਸਤੇ ਵੈਦ ਗੁਰੂ ਦੀ ਦਵਾਈ ਵਰਤੀਏ, ਉਸਦੇ ਧੁਰ ਦਰਗਾਹੀ ਕਾਮਲ ਨੁਸਖੇ ਤੇ ਈਮਾਨ ਲਿਆਈਏ ਉਸ ਵਲੋਂ ਦੱਸੇ ਪ੍ਰਹੇਜ਼ ਅਥਵਾ ਮਨਾਹੀ ਵਾਲੀਆਂ ਗੱਲਾਂ (ਕੁਰਹਿਤਾਂ) ਦਾ ਖ਼ਿਆਲ ਰੱਖੀਏ ਅਤੇ ਪੂਰਨ ਵਿਧੀ ਅਨੁਸਾਰ ਦੁਆਈ ਦੀ ਵਰਤੋਂ ਕਰੀਏ। ਸਤਿਗੁਰੂ ਦੇ ਫੁਰਮਾਏ ਹੇਠ ਲਿਖੇ ਬਚਨਾਂ ਤੇ ਪਹਿਰਾ ਦੇਈਏ। ਦੇਖੋ ਫੇਰ ਸੁਖਾਂ ਭਰੀ ਸੁਧਰੀ ਜ਼ਿੰਦਗੀ ਕਿਵੇਂ ਛੜੱਪੇ ਮਾਰਦੀ ਤੁਹਾਡੇ ਘਰ ਦੇ ਵੇਹੜ ਆਵੇਗੀ ਅਤੇ ਘੁੰਮਰਾਂ ਪਾਉਂਦੀ ਫਿਰੇਗੀ–

ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥੧੭॥
(ਗਉੜੀ ਸੁਖਮਨੀ ਮ: ੫)

ਬਾਰ ਬਾਰ ਪ੍ਰਭੂ ਨੂੰ ਸਿਮਰੀਏ ਅਤੇ ਨਾਮ-ਅੰਮ੍ਰਿਤ ਪੀ ਕੇ ਇਸ ਮਨ ਨੂੰ ਤੇ ਸ੍ਰੀਰਕ ਇੰਦਰੀਆਂ ਨੂੰ ਰਜਾ ਦੇਈਏ, ਅਥਵਾ, ਤ੍ਰਿਪਤ ਕਰ ਦੇਈਏ।

---

**ਸ੍ਰੀ ਭਗਉਤੀ ਪ੍ਰਬੋਧ** –'ਭਗਉਤੀ' ਸ਼ਬਦ ਬਾਰੇ ਦੇਵੀ-ਪੂਜਕਾਂ ਵਲੋਂ ਭੁਲੇਖੇ ਪਾਏ ਗਏ ਹਨ। ਉਨ੍ਹਾਂ ਨੂੰ ਸਪੱਸ਼ਟ ਕਰਨ ਲਈ ਵਿਦਵਾਨਾਂ ਦੇ ਨੌਂ ਲੇਖ ਇਸ ਟ੍ਰੈਕਟ ਵਿਚ ਹਨ। ਸਫੇ ੮੮, ਭੇਟਾ ਦੋ ਰੁਪਏ



www.AKJ.Org

ਦੋ ਕਵਿਤਾਵਾਂ—ਸ: ਅਤਰ ਸਿੰਘ ਨੀਰ, ਦਿੱਲੀ-੬੫

## ਸ਼ਹੀਦੀ— ਵੱਡੇ ਸਾਹਿਬਜ਼ਾਦੇ

ਸੰਨ ਸਤਰਾਂ ਸੌ ਚਾਰ ਸੀ, ਦਸੰਬਰ ਇੱਕੀ।
ਬੁਕਲ ਮਾਰ ਕੇ ਸੌਂ ਗਈ, ਸੂਰਜ ਦੀ ਟਿੱਕੀ।
ਮੀਂਹ ਝਖੜ ਸੀ ਝੁਲ ਰਿਹਾ, ਵਿਚ ਜੋਬਨ ਪੂਰੇ।
ਛਟੇ ਵਜਦੇ ਇਸ ਤਰ੍ਹਾਂ, ਜਿਉਂ ਵਜਣ ਹੂਰੇ।
ਨਿਕਲੇ ਬਾਹਰ ਕਿਲ੍ਹੇ ਤੋਂ, ਫ਼ੌਜਾਂ ਦੇ ਵਾਲੀ।
ਕਰ ਕੇ ਪੁਰੀ-ਅਨੰਦ ਨੂੰ, ਬਿਲਕੁਲ ਹੀ ਖ਼ਾਲੀ।
ਚਾਲੀ ਸਿੰਘ ਸੀ ਨਾਲ ਤੇ ਦੋ ਨਾਜ਼ਾਂ ਪਾਲੇ।
ਪੰਦਰ੍ਹਾਂ ਤੇ ਅਠਾਰ੍ਹਾਂ ਸਾਲ ਦੇ, ਸਨ ਦੋਨੋਂ ਨਾਲੇ।
ਸਰਸਾ ਨਦੀ ਸ਼ੂਕਦੀ, ਅਗੋਂ ਚੜ੍ਹ ਆਈ।
ਹੋ ਕੇ ਪਾਰ ਚਮਕੌਰ ਵਿਚ, ਜਾ ਪੁਜੇ ਮਾਹੀ।
ਲਾਇਆ ਡੇਰਾ ਗੜ੍ਹੀ ਵਿਚ, ਤੱਕ ਉਚੀ ਟਿੱਬੀ।
ਬਣਤਰ ਕੱਚੀ ਮਿੱਟੀ ਦੀ, ਸੀ ਵਿੰਗੀ ਛਿੱਬੀ।
ਪਿੱਛਾ ਕੀਤੀ ਆ ਰਿਹਾ, ਲਸ਼ਕਰ ਤੁਰਕਾਨੀ।
ਲਾਲ ਹਨੇਰੀ ਵਾਂਗਰਾਂ, ਧੂੜਾਂ ਅਸਮਾਨੀ।
ਨਫ਼ਰੀ ਹੋਸੀ ਦਸ ਲੱਖ ਦੀ ਵਡੀ ਭਾਰੀ।
ਦਾਰੂ ਸਿੱਕਾ ਰੈਫ਼ਲਾਂ, ਸਨ ਬੇ-ਸ਼ੁਮਾਰੀ।
ਖਚਰਾਂ ਘੋੜੇ ਹਿਣਕਦੇ, ਵਡੇ ਬਹੁਮੁਲੀ।
ਡੱਟ ਗਏ ਗੜ੍ਹੀ ਸਾਹਮਣੇ, ਥਾਂ ਤਕ ਕੇ ਖੁਲ੍ਹੀ।
ਹੱਲਾ ਬੋਲਣ ਵਾਸਤੇ, ਸੋਚਣ ਤਦਬੀਰਾਂ।
ਜਾਂਦਿਆਂ ਜਕੜੀਏ ਗੁਰੂ ਨੂੰ, ਫੜ ਵਿਚ ਜ਼ੰਜੀਰਾਂ।
ਬੰਨ੍ਹੇ ਮੁਗਲਾਂ ਮੋਰਚੇ, ਚੁਣ ਗਭਰੂ ਭਾਰੇ।
ਸਿੰਘਾਂ ਚੋਟਾਂ ਲਾਈਆਂ, ਰਣਜੀਤ ਨਗਾਰੇ।
ਤੀਰ ਗੜ੍ਹੀ ਚੋਂ ਨਿਕਲਦੇ, ਇਉਂ ਜ਼ਹਿਰ-ਡੰਗੇ;
ਲਗੇ ਜਿਥੇ ਜਿਨ੍ਹੂੰ ਵੀ, ਨਾ ਪਾਣੀ ਮੰਗੇ।
ਮੁਗ਼ਲ ਲੜਾਕੂ ਗ਼ਜ਼ਬ ਦੇ, ਤਕੜੇ ਹਠੀਲੇ।
ਡੱਟ ਕੇ ਵਾਂਗ ਪਹਾੜ ਦੇ, ਸਨ ਖੜੇ ਗਠੀਲੇ।
ਮਾਰਾਂ ਦਿਤੀਆਂ ਇਨ੍ਹਾਂ ਇਉਂ, ਕਰ ਕਰ ਕੇ ਚਾਰਾ;
ਸਿੰਘਾਂ ਦੇ ਮਨ ਪੈ ਰਿਹਾ, ਸੀ ਫ਼ਿਕਰਾ ਭਾਰਾ।
ਘੱਟ ਗਈ ਨਫ਼ਰੀ ਅਸਾਂ ਦੀ,ਸੁਣੋ ਕਲਗੀਆਂ ਵਾਲੇ!
ਨਾਲ ਲੈ ਜਾਵੋ ਆਪਣੇ, ਇਹ ਨੰਨ੍ਹੇ ਬਾਲੇ।
ਛੱਡ ਦੇਵੋ ਗੜ੍ਹੀ ਹੁਣੇ ਹੀ, ਬਚ ਜਾਵਣ ਜਾਨਾਂ।
ਪਿਛੇ ਅਸੀਂ ਡਟਾਂਗੇ, ਕੱਸ ਤੀਰ ਕਮਾਨਾਂ।
ਤਦ ਚੋਜੀ ਪ੍ਰੀਤਮ ਬੋਲਿਆ, ਇਹ ਕੀ ਵਿਚਾਰੀ!
ਸਿੱਖੀ ਨਾਲੋਂ ਸਮਝ ਲਈ, ਮੇਰੀ ਜਾਨ ਪਿਆਰੀ।
ਤੁਸੀਂ ਹੀ ਮੇਰੇ ਅੰਗ ਸਾਕ, ਹੋ ਸਾਰੇ ਮੇਰੇ।
ਨੈਣ ਪ੍ਰਾਣ ਹੋ ਸਿੰਘ ਜੀ, ਤੁਸੀਂ ਮੇਰੇ ਚੇਹਰੇ।
ਤੁਸੀਂ ਹੋ ਮੇਰੀਆਂ ਸਧਰਾਂ, ਤੁਸੀਂ ਹੀ ਆਸਾਂ;
ਤੁਸੀਂ ਹੀ ਟੁਕੜੇ ਜਿਗਰ ਦੇ, ਮੇਰੀਆਂ ਧਰਵਾਸਾਂ।
ਤੁਸੀਂ ਹੀ ਮੇਰੇ ਖੰਭ ਹੋ, ਤੁਸੀਂ ਬਲ ਧਾਰਾ,
ਤੁਸੀਂ ਹੀ ਮੇਰਾ ਨੂਰ ਹੋ, ਮੈਂ ਕੌਣ ਵਿਚਾਰਾ।
ਇਹ ਕਹਿੰਦਾ ਉਠਿਆ ਪਾਤਸ਼ਾਹ ਜ਼ਰਾ ਮੁਸਕਾ ਕੇ।
ਸਿੰਘਾਂ ਸਾਰੇ ਪਿਆਰਿਆਂ ਨੂੰ ਤੱਕ ਤਕਾ ਕੇ।
ਵੱਡੇ ਲਾਲ ਅਜੀਤ ਨੂੰ, ਸੱਦ ਕੋਲ ਬੁਲਾਇਆ।
ਹਥੀਂ ਆਪਣੇ ਆਪ ਹੀ, ਸ਼ੱਸਤ੍ਰ ਪਹਿਨਾਇਆ।
ਥਾਪੀ ਮਾਰੀ ਕੰਡ ਤੇ, ਫਿਰ ਕਹਿਆ ਜਾਉ।
ਜੰਗ ਦੇ ਅੰਦਰ ਆਪਣੇ ਜਾ ਜੌਹਰ ਦਿਖਾਉ।
ਵਾਰ ਨਹੀਂ ਖਾਣਾ ਕੰਡ ਤੇ, ਸਿੱਖੀ ਦੀਆਂ ਸ਼ਾਨਾਂ।
ਮਾਰੋ ਮਲਾਂ ਚੰਨ ਜੀ, ਦੰਗ ਹੋਏ ਜ਼ਮਾਨਾ।
ਪੰਜਾਂ ਸਿੰਘਾਂ ਨਾਲ ਹੋ, ਜੈਕਾਰੇ ਲਾਂਦੇ;
ਟੁਟ ਕੇ ਪੈ ਗਏ ਫ਼ੌਜ ਤੇ, ਤਰਥੱਲੀਆਂ ਪਾਂਦੇ!
ਦਸ ਲੱਖ ਮੁਗਲਾਂ ਸਾਹਮਣੇ, ਗੁਜਰੀ ਦਾ ਪੋਤਾ,
ਬਿਜਲੀ ਵਾਂਗੂ ਚਮਕਦਾ, ਬੇਖ਼ੌਫ਼ ਖੜੋਤਾ।
ਤੀਰ ਚਲਾਵੇ ਗ਼ਜ਼ਬ ਦੇ ਇਉਂ ਬੰਨ੍ਹ ਨਿਸ਼ਾਨੇ!
ਇਕ ਇਕ ਥਾਂ ਤੇ ਵੀਹ ਵੀਹ, ਜਾ ਲਗਣ ਟਿਕਾਨੇ।
ਤੋਬਾ ਤੋਬ ਪੁਕਾਰਦੇ, ਮੁਗਲਾਂ ਦੇ ਜਾਏ।
ਅਲ੍ਹਾ ਅਲ੍ਹਾ ਰੱਖ ਲੈ, ਓਈ ਮੇਰੀਏ ਮਾਏ!
ਹਾ ਹਾ ਕਾਰਾਂ ਮੱਚੀਆਂ, ਪਿਆ ਚੀਕ ਚਿਹਾੜਾ।
ਲੱਤ ਪੱਤ ਲਹੂ ਚਿ ਹੋ ਗਿਆ ਜੰਗੀ ਅਖਾੜਾ।
ਲਾਸ਼ਾਂ ਡਿਗਣ ਇਕ ਦੂਏ ਤੇ, ਏਦਾਂ ਆ ਕੇ,
ਪਾਂਡੀ ਸੁਟਣ ਬੋਰੀਆਂ ਜਿਉਂ, ਢੇਰਾਂ ਤੇ ਚਾ ਕੇ।
ਮਾਰਿਆ ਨੇਜ਼ਾ ਖਿਚ ਕੇ, ਇਉਂ ਵਿਚ ਸੰਜੋਏ।
ਖਿਚਿਆਂ ਬਾਹਰ ਨ ਨਿਕਲਿਆ, ਦੋ ਟੋਟੇ ਹੋਏ।
ਦੁਸ਼ਮਨ ਵੇਖ ਕੇ ਕੰਬਿਆ, ਨਿੱਕੇ ਦੀਆਂ ਮਾਰਾਂ।
ਕਿਧਰੇ ਨੇਜ਼ੇ ਮਾਰਦਾ, ਕਿਧਰੇ ਤਲਵਾਰਾਂ।
ਏਧਰ ਗੜ੍ਹੀ ਚਿ ਪਾਤਸ਼ਾਹ, ਤੱਕ ਤੱਕ ਮੁਸਕਾਂਦੇ,
ਦੁਸ਼ਮਨ ਤਾਈਂ ਅਜੀਤ ਜੀ, ਜੋ ਹੱਥ ਵਿਖਾਂਦੇ।



www.AKJ.Org

ਘੋੜਾ ਜ਼ਖ਼ਮੀ ਹੋ ਗਿਆ, ਖਾ ਵਾਰ ਅਨੇਕਾਂ।
ਛੇਤੀ ਉਤਰਿਆ ਲਾਡਲਾ, ਘੋੜੇ ਤੋਂ ਹੇਠਾਂ।
ਵਾਹੀ ਉਸ ਤਲਵਾਰ ਫਿਰ, ਵਿਚ ਜੋਸ਼ ਦੇ ਰੱਜ ਕੇ।
ਵੈਰੀ ਨਿਕਲ ਨ ਸਕਿਆ, ਅਗੋਂ ਦੀ ਭੱਜ ਕੇ।
ਅੰਤ ਸ਼ਹੀਦੀ ਪਾ ਗਿਆ, ਲਖਾਂ ਨੂੰ ਦੱਲ ਕੇ।
ਜਿਸਦੇ ਹਨ ਸੰਸਾਰ ਵਿਚ, ਪਏ ਅੱਜ ਵੀ ਥਲਕੇ।

ਮੁਸਕਾਂਦਾ ਜੁਝਾਰ ਸਿੰਘ, ਫਿਰ ਨਿੱਕਾ ਆਇਆ।
ਸਤਿਗੁਰ ਹੱਥੀਂ ਆਪਣੇ, ਉਸ ਨੂੰ ਸਜਾਇਆ।
ਹੱਸ ਹੱਸ ਕੇ ਫਿਰ ਆਖਿਆ, ਹੁਣ ਤੇਰੀ ਵਾਰੀ।
ਜਾਣਾ ਬੱਚਿਆ ਤਕੜਾ ਹੋ ਨਾਲ ਤਿਆਰੀ।
ਦੁਸ਼ਮਣ ਨੂੰ ਹੱਥ ਦਸਣੇ, ਜਿਉਂ ਵੀਰੇ ਤੇਰੇ,
ਸੁਟੇ ਵਿਚ ਮੈਦਾਨ ਦੇ ਲਾਹ ਘਾਣ ਬਥੇਰੇ।
ਲੈ ਅਸੀਸਾਂ ਤੁਰ ਪਿਆ, ਬਾਪੂ ਤੋਂ ਬੱਚਾ।
ਬੇਸ਼ਕ ਹੈਸੀ ਉਮਰ ਚਿ ਉਹ ਹਾਲੇ ਕੱਚਾ।
ਵੜਿਆ ਜਾ ਮੈਦਾਨ ਵਿਚ, ਜਿਉਂ ਬੰਬ ਦਾ ਗੋਲਾ।
ਟੁਟ ਕੇ ਉਸ ਤੇ ਪੈ ਗਿਆ, ਮੁਗਲਾਨੀ ਟੋਲਾ।
ਆਈ ਬਾਰਸ਼ ਗੜ੍ਹੀ ਚੋਂ, ਤੀਰਾਂ ਦੀ ਭਾਰੀ।
ਲੋਥਾਂ ਉਤੇ ਲੋਥ ਦੀ, ਹੋ ਰਹੀ ਉਸਾਰੀ।
ਝੂਲ ਕੇ ਜਿਵੇਂ ਤੇਜ਼ ਤੇਜ਼, ਝਖੜ ਹਨੇਰੀ,
ਝੂਣ ਝੂਣ ਕੇ ਬੇੜੀਆਂ, ਕਰ ਦੇਵੇ ਢੇਰੀ;
ਐਸੀ ਸਿੰਘ ਜੁਝਾਰ ਨੇ ਤਲਵਾਰ ਘੁਮਾਈ,
ਹੋਂਦੀ ਵੈਰੀ ਦੀ ਪਈ, ਹਰ ਤਰਫ਼ ਸਫ਼ਾਈ।
ਜੰਗ ਘਮਸਾਣੀਂ ਮਚਿਆ, ਪੈ ਗਈਆਂ ਦੁਹਾਈਆਂ।
ਵਾਢੀ ਕਰ ਕੇ ਸਿਰਾਂ ਦੀ ਉਸ ਬੋਹਲਾਂ ਲਾਈਆਂ।
ਪਾਰ ਬੁਲਾ ਕੇ ਕਈਆਂ ਨੂੰ, ਪਾ ਗਿਆ ਸ਼ਹੀਦੀ।
ਪਰ ਅੱਖ ਵੀ ਝਵੀਂ ਨ ਜ਼ਰਾ ਵੀ, ਮੇਰੇ ਕਲਗੀਧਰ ਦੀ।

ਵਾਰ ਕੇ ਜਿੰਦਾਂ ਬੱਚਿਆਂ, ਇਉਂ ਸਿੱਖੀ ਪਾਲੀ।
ਜਿਸ ਦੀ 'ਨੀਰ' ਜਗਤ ਵਿਚ, ਅੱਜ ਭਖਦੀ ਲਾਲੀ।

ਇਸ ਦੁਨੀਆ ਵਿਚ ਤੇਰੇ ਚੰਗੇ-ਮੰਦੇ ਕੰਮ ਹੀ ਮਿਤਰ ਅਤੇ ਵੈਰੀ ਹਨ। ਤੇਰੀ ਨੇਕਨਾਮੀ ਅਤੇ ਬਦਨਾਮੀ ਦਾ ਕਾਰਨ ਵੀ ਇਹ ਤੇਰੇ ਚੰਗੇ-ਮੰਦੇ ਕੰਮ ਹਨ। ਇਸ ਲਈ ਕੋਈ ਕੰਮ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚੋ ਵਿਚਾਰੋ।

ਸ਼ਹੀਦੀ—

## ਛੋਟੇ ਸਾਹਿਬਜ਼ਾਦੇ

ਸੱਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।
ਫਤਹ ਸਿੰਘ ਜ਼ੋਰਾਵਰ ਨਿੱਕੇ।
ਦੇਸ਼ ਧਰਮ ਤੋਂ ਕਿਦਾਂ ਵਿੱਕੇ।
ਨਹੀਂ ਕੋਈ ਮਿਲਦੀ ਦੁਨੀਆ ਅੰਦਰ
ਇਹੋ ਜਹੀ ਹੋਰ ਮਿਸਾਲ।
ਕਲਗੀਧਰ ਜੀ ਦੇ ਦੋ ਲਾਲ।
ਵਿਚ ਕਚਹਿਰੀ ਗਏ ਬੁਲਾਏ।
ਨ ਉਹ ਝਿਜਕੇ, ਨ ਘਬਰਾਏ।
ਨਾਲ ਜੋਸ਼ ਦੇ ਬੋਲੇ ਗੱਜ ਕੇ
ਬੋਲੇ ਸੋ ਨਿਹਾਲ।
ਕਲਗੀਧਰ ਜੀ ਦੇ ਦੋ ਲਾਲ।
ਸੂਬਾ ਆਖੇ ਰਾਜ ਮਿਲੇਗਾ।
ਹੀਰਾਂ ਹੂਰਾਂ ਤਾਜ ਮਿਲੇਗਾ।
ਛੋੜ ਕੇ ਸਿੱਖੀ ਮੋਮਨ ਬਣ ਜਾਉ
ਮਾਲ ਜਾਗੀਰਾਂ ਲਉ ਇਕਬਾਲ।
ਕਲਗੀਧਰ ਜੀ ਦੇ ਦੋ ਲਾਲ।
ਫੁਲਾਂ ਵਾਂਗੂ ਹਸਦੇ ਹਸਦੇ।
ਹੀਰਿਆਂ ਵਾਂਗੂ ਚਮਕਦੇ ਲਸਦੇ।
ਖੜੇ ਅਡੋਲ ਪਹਾੜ ਦੇ ਵਾਂਗੂ
ਕਹਿੰਦੇ ਆ ਕੇ ਵਿਚ ਜਲਾਲ।
ਕਲਗੀਧਰ ਜੀ ਦੇ ਦੋ ਲਾਲ।
ਸਿਰ ਦੇ ਨਾਲੋਂ ਸਿੱਖੀ ਪਿਆਰੀ।
ਸਿੰਜਰੀ ਖ਼ੂਨ ਦੇ ਨਾਲ ਸੰਵਾਰੀ।
ਨ ਲਾਲਚ, ਨਹੀਂ ਡਰਾਵਾ
ਮਾਰ ਨ ਸਕੇ ਕੋਈ ਭੁਚਾਲ।
ਅਸੀਂ ਕਲਗੀਧਰ ਦੇ ਦੋ ਲਾਲ।
ਚਿਣਵਾਏ ਦੋਵੇਂ ਕੰਧ ਦੇ ਅੰਦਰ।
ਸੂਬੇ ਨੇ ਸਰਹੰਦ ਦੇ ਅੰਦਰ।
ਵਧੀ ਫਿਰ ਵੀ ਚਮਕ ਲਾਲਾਂ ਦੀ
ਸੂਰਜ ਵਾਂਗੂ 'ਨੀਰ' ਵਿਸ਼ਾਲ।
ਸਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।
["ਗਾਥਾ ਸੂਰਬੀਰ ਸ਼ਹੀਦਾਂ ਦੀ" ਪੁਸਤਕ ਵਿਚੋਂ



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੧)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

## ਸਿਖ ਕੈਦੀਆਂ ਦਾ ਕਾਫ਼ਲਾ ਸਰਹੰਦੋਂ ਅੱਗੇ ਨੂੰ—

ਜ਼ਕਰੀਆ ਖ਼ਾਨ ਦੇ ਹੁਕਮ ਨਾਲ ਕੈਦੀਆਂ ਦਾ ਕਾਫ਼ਲਾ ਸਰਹੰਦੋਂ ਅੱਗੇ ਨੂੰ ਰਵਾਨਾ ਹੋਇਆ। ਕਰਨਾਲ ਅਤੇ ਪਾਨੀਪੱਤ ਦਿਆਂ ਸ਼ਹਿਰਾਂ ਵਿਚ ਦੀ ਲੰਘਦਿਆਂ ਮੁਸਲਮਾਨ ਵਸੋਂ ਰਾਹ ਦੇ ਦੋਹੀਂ ਪਾਸੀਂ ਆਣ ਖਲੋਤੀ। ਇਨ੍ਹੀਂ ਥਾਈਂ ਵੀ ਸਰਹੰਦ ਵਾਂਗ ਹੀ ਕੈਦੀਆਂ ਉਤੇ ਅਵਾਜ਼ੇ ਕੱਸੇ ਗਏ। ਗਾਲ੍ਹੀ ਗਲੋਚ, ਬਕਵਾਸ, ਹੱਥਾਂ ਨਾਲ ਗੰਦੇ ਮੰਦੇ ਇਸ਼ਾਰੇ ਤੇ ਚਿੜ੍ਹਾਉਣ ਵਾਲੀਆਂ ਸਾਰੀਆਂ ਕੋਝੀਆਂ ਹਰਕਤਾਂ ਲੋਕੀ ਪਏ ਕਰਨ। ਕੋਈ ਅੱਗੇ ਵਧ ਮਿੱਟੀ ਘੱਟਾ ਉਤੇ ਸੁੱਟੇ, ਕੋਈ ਢੀਮਾਂ ਮਾਰੇ, ਸਾਂਗਾਂ ਲਾਉਣ ਤੇ ਤਰ੍ਹਾਂ ਤਰ੍ਹਾਂ ਦੇ ਮਖ਼ੌਲ ਉਡਾਉਣ। ਉਂਗਲਾਂ ਚੁਕਣ, ਸੀਟੀਆਂ ਵਜਾਉਣ, ਨੱਕ ਚੜ੍ਹਾ ਚੜ੍ਹਾ ਮੂੰਹ ਚੜ੍ਹਾਉਣ ਤੇ ਦੂਰੋਂ ਕੈਦੀਆਂ ਵਲ ਥੁਕਣ। ਕੈਦੀ ਇਸ ਹਾ-ਹੂ ਤੋਂ ਬੇਖ਼ਬਰ ਆਪਣੀ ਮਸਤੀ ਵਿਚ ਬੜੀ ਉੱਚੀ ਸੁਰ ਨਾਲ ਗੁਰੂ ਸਾਹਿਬ ਦੇ ਉਚਾਰੇ ਹੋਏ ਸ਼ਬਦ ਪੜ੍ਹਦੇ ਹੋਏ ਤੁਰੇ ਜਾਂਦੇ ਸਨ।[1]

ਕਲ੍ਹ ਤਕ ਜਿਨ੍ਹਾਂ ਦਾ ਨਾਉਂ ਸੁਣ ਕੇ ਖ਼ੂਨ ਖੁਸ਼ਕ ਹੋ ਜਾਂਦਾ ਸੀ, ਅੱਜ ਹੋਣੀ ਉਨ੍ਹਾਂ ਨਾਲ ਏਡਾ ਮਾੜਾ ਸਲੂਕ ਕਰਵਾ ਰਹੀ ਸੀ। ਇਹ ਸਮੇਂ ਦਾ ਚੱਕਰ ਹੈ। ਆਜ਼ਾਦ ਹਾਲਤ ਵਿਚ ਇਨ੍ਹਾਂ ਲੋਕਾਂ ਆਪਣੇ ਜਾਹੋ ਜਲਾਲ ਨਾਲ ਇਨ੍ਹਾਂ ਸ਼ਹਿਰਾਂ ਵਿਚ ਦੀ ਲੰਘਣਾ ਹੁੰਦਾ ਤਾਂ ਇਹ ਮੱਛਰੀ ਹੋਈ ਵਸੋਂ ਸ਼ਹਿਰ ਤੇ ਘਰ ਬਾਰ ਸੁੰਞੇ ਛਡ ਛਡ, ਕਈ ਕਈ ਕੋਹ ਰਸਤਿਓਂ ਦੂਰ ਨਿਕਲੇ ਜਾਂਦੇ। ਇਨ੍ਹਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ ਤਾਂ ਬਹੁਤ ਦੂਰ ਦੀ ਗੱਲ ਸੀ।

੨੭ ਫ਼ਰਵਰੀ ਸੰਨ ੧੭੧੬ ਈ: (੧੭ ਰੱਬੀ-ਉਲ ਅੱਵਲ ੧੧੨੮ ਹਿਜਰੀ) ਨੂੰ ਕੈਦੀਆਂ ਦੇ ਕਾਫ਼ਲੇ ਦੀ ਅਗਰਾਬਾਦ ਪੁਜਣ ਦੀ ਖ਼ਬਰ ਫ਼ਰੁਖ਼ਸੀਅਰ ਬਾਦਸ਼ਾਹ ਨੂੰ ਦਿਲੀ ਪੁਜੀ। ਬਾਦਸ਼ਾਹ ਵਲੋਂ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਨੂੰ ਹੁਕਮ ਹੋਇਆ ਕਿ ਉਹ ਇਕ-ਦਮ ਆਪ ਬਾਹਰ ਜਾਵੇ ਤੇ ਬਾਗੀ ਸਿਖ ਆਗੂ ਬੰਦਾ ਸਿੰਘ ਤੇ ਉਸ ਦੇ ਕੈਦੀ ਸਾਥੀਆਂ ਨੂੰ ਕਿਸੇ ਵਿਸ਼ੇਸ਼ ਰੂਪ ਵਿਚ ਅਗਰਾਬਾਦ ਤੋਂ ਸ਼ਾਹੀ ਮਹੱਲ ਤੱਕ ਲੈ ਕੇ ਆਵੇ। ੨੯ ਫ਼ਰਵਰੀ ੧੭੧੬ ਈ: ਵਾਲੇ ਦਿਨ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਇਕ ਜਲੂਸ ਦੀ ਸ਼ਕਲ ਵਿਚ ਦਿਲੀ ਸ਼ਹਿਰ ਅੰਦਰ ਲਿਆਂਦਾ ਗਿਆ। ਇਸ ਉਚੇਚੀ ਕਿਸਮ ਦੇ ਜਲੂਸ ਦਾ ਮਨੋਰਥ ਸਿਖ ਕੈਦੀਆਂ ਨੂੰ ਕੋਝੇ ਤੋਂ ਕੋਝੇ ਤੇ ਸਿਰੇ ਦੀ ਨਿਰਾਦਰੀ ਭਰੇ ਰੂਪ ਵਿਚ ਲੋਕਾਂ ਸਾਮ੍ਹਣੇ ਪੇਸ਼ ਕਰਨਾ ਸੀ। ਕਿਉਂਕਿ ੬ ਸਾਲ ਹੋ ਗਏ ਸਨ ਮੁਗਲਾਂ ਦੇ ਵਕਾਰ, ਰੁਅਬ ਤੇ ਦਬਦਬੇ ਨੂੰ ਸਿਖਾਂ ਦੇ ਪੈਰਾਂ ਥੱਲੇ ਰੁਲਦੇ ਨੂੰ। ਲੋਕ ਸਮਝਦੇ ਸਨ ਕਿ ਮੁਗਲ ਹਾਕਿਮਾਂ ਵਿਚ ਕੋਈ ਸਾਹ-ਸਤ ਨਹੀਂ ਰਹਿ ਗਿਆ। ਉਸ ਵਕਾਰ ਨੂੰ ਬਹਾਲ ਕਰਨਾ ਸੀ। ਇਸ ਮੌਕੇ ਤੇ ਵਿਖਾਵੇ ਦਾ ਉਹੋ ਹੀ ਤਰੀਕਾ ਵਰਤਿਆ ਗਿਆ ਜੋ ਸ਼ਿਵਾ ਜੀ ਦੇ ਪੁਤਰ ਸੰਭਾ ਜੀ ਦੇ ਫੜੇ ਜਾਣ ਅਤੇ ਪੇਸ਼ ਕਰਨ ਵੇਲੇ ਵਰਤਿਆ ਗਿਆ ਸੀ।

ਸਭ ਤੋਂ ਅੱਗੇ ਨੇਜ਼ਿਆਂ ਉਤੇ ਟੰਗੇ ਹੋਏ ਤਿੰਨ ਹਜ਼ਾਰ ਭੂਸੇ ਨਾਲ ਭਰੇ ਹੋਏ ਸਿੰਘਾਂ ਦੇ ਸਿਰ ਸਨ। ਉਨ੍ਹਾਂ ਦੇ ਖੁਲ੍ਹੇ ਲੰਮੇ ਕਾਲੇ ਵਾਲ ਹਵਾ ਵਿਚ ਲਹਿਰਾ ਰਹੇ ਸਨ।[2] ਇਨ੍ਹਾਂ ਦੇ ਨਾਲ ਹੀ ਪਿਛੇ ਇਕ ਲੰਮੇ ਬਾਂਸ ਤੇ ਇਕ ਮਰੀ ਹੋਈ ਬਿੱਲੀ ਟੰਗੀ ਹੋਈ ਸੀ, ਜਿਸ ਨੂੰ ਵਿਖਾਉਣ ਦਾ ਮਤਲਬ ਇਹ ਸੀ ਕਿ ਮੁਗਲ ਸੂਰਮਿਆਂ ਨੇ ਗੁਰਦਾਸ ਨੰਗਲ ਵਿਚੋਂ ਸਿੱਖਾਂ ਨੂੰ ਤਾਂ ਕੀ, ਸਗੋਂ ਕੁੱਤਿਆਂ ਬਿੱਲੀਆਂ ਤੱਕ ਨੂੰ ਮਾਰ ਮੁਕਾਇਆ ਹੈ, ਇਹ ਮਰੀ ਹੋਈ ਬਿੱਲੀ ਜ਼ਬਰਦਸਤ ਤੇ ਜੇਤੂ ਫ਼ੌਜ ਦੀ ਮਹਾਨ ਜਿਤ ਦਾ ਉੱਘਾ ਚਿੰਨ੍ਹ ਸੀ। ਇਨ੍ਹਾਂ ਤੋਂ ਮਗਰ ਖ਼ੁਦ ਬੰਦਾ ਸਿੰਘ ਸੀ। ਉਸ ਨੂੰ ਲੋਹੇ ਦੇ ਪਿੰਜਰੇ ਵਿਚ ਚੰਗੀ ਤਰ੍ਹਾਂ ਜਕੜ ਕੇ ਹਾਥੀ ਉਤੇ ਚੜ੍ਹਾਇਆ


www.AKJ.Org

ਹੋਇਆ ਸੀ। ਉਸ ਦੀ ਮਿਥ ਕੇ ਨਿਰਾਦਰੀ ਕਰਨ ਲਈ ਉਸ ਦੇ ਸਿਰ ਉਤੇ ਤਿਲੇ ਦੀ ਕਢਾਈ ਵਾਲੀ ਲਾਲ ਪੱਗ ਬਧੀ ਹੋਈ ਸੀ, ਤੇ ਗਲ ਅਨਾਰਾਂ ਦੇ ਫੁਲਾਂ ਵਾਲੀ ਲਾਲ ਪੁਸ਼ਾਕ ਪੁਆਈ ਹੋਈ ਸੀ। ਉਸੇ ਹਾਥੀ ਉਤੇ ਪਿੰਜਰੇ ਦੇ ਨਾਲ ਹੀ ਪਿਛਲੇ ਪਾਸੇ, ਇਕ ਸੰਜੋਇ-ਮੜ੍ਹਿਆ ਤੂਰਾਨੀ ਅਫ਼ਸਰ ਹੱਥ ਵਿਚ ਨੰਗੀ ਤਲਵਾਰ ਫੜੀ ਖੜਾ ਸੀ। ਬੰਦਾ ਸਿੰਘ ਦੇ ਹਾਥੀ ਦੇ ਪਿਛੇ ਬੇ-ਪਲਾਣੇ ਊਠਾਂ ਉਤੇ ਦ ਦੋ ਸਿੰਘ ਪਿੱਠਾਂ ਜੁੜ ਕੇ ਬਿਠਾਏ ਹੋਏ ਸਨ, ਕੁਝ ਕੁ ਜੂੜ ਕੇ ਗੱਡਿਆਂ ਉਤੇ ਲੱਦੇ ਹੋਏ ਸਨ। ਇਨ੍ਹਾਂ ਸਿਖ ਕੈਦੀਆ ਦੀ ਗਿਣਤੀ ੭੪੦ ਲਿਖੀ ਹੋਈ ਹੈ। ਇਨ੍ਹਾਂ ਦੇ ਸਿਰਾਂ ਉਤੇ ਬੜੀ ਹਾਸੋ ਹੀਣ ਸ਼ਕਲ ਦੀਆਂ ਨੋਕਦਾਰ ਟੋਪੀਆਂ, ਜੋ ਭੇਡਾਂ ਦੀ ਖਲ ਦੀਆਂ ਬਣੀਆਂ ਹੋਈਆਂ ਤੇ ਜਿਨ੍ਹਾਂ ਉਤੇ ਕਚ ਦੇ ਰੰਗ-ਬਰੰਗੇ ਮਣਕੇ ਸੀਤੇ ਹੋਏ ਸਨ, ਪੁਆਈਆਂ ਹੋਈਆਂ ਸਨ। ਹਰ ਇਕ ਦਾ ਇਕ ਇਕ ਹੱਥ ਲਕੜ ਦੇ ਦੋ ਡੰਡਿਆਂ ਵਿਚ ਘੁਟ ਕੇ ਉਸ ਦੀ ਧੋਣ ਨਾਲ ਬਧਾ ਹੋਇਆ ਸੀ। ਇਨ੍ਹਾਂ ਸਾਰਿਆਂ ਦੇ ਮੂੰਹ ਕਾਲੇ ਕੀਤੇ ਹੋਏ ਸਨ। ਬੰਦਾ ਸਿੰਘ ਬਹਾਦਰ ਦੇ ਜਰਨੈਲ ਤੇ ਉਘੇ ਉਘੇ ਸਿੰਘ, ਜੋ ਬਿਲਕੁਲ ਉਸ ਦੇ ਹਾਥੀ ਦੇ ਨਾਲ ਨਾਲ ਸਨ, ਦੇ ਗਲੀਂ ਭੇਡਾਂ ਦੀ ਖਲ ਪੁਆਈ ਹੋਈ ਸੀ, ਜਿਸ ਦੇ ਵਾਲ ਬਾਹਰ ਨੂੰ ਸਨ, ਤਾਂਕਿ ਉਹ ਰਿੱਛਾਂ ਵਾਂਗ ਦਿਸਣ। ਉਨ੍ਹਾਂ ਦੇ ਪਿਛੇ ਸਨ ਸਿੱਖਾਂ ਦੇ ਵਢੇ ਹੋਏ ਸਿਰਾਂ ਨਾਲ ਲੱਦੇ ਹੋਏ ਗੱਡੇ, ਅਤੇ ਉਹ ਗੱਡੇ ਜਿਨ੍ਹਾਂ ਉਤੇ ਗੁਰਦਾਸ ਨੰਗਲੋਂ ਫੜੇ ਹੋਏ ਹਥਿਆਰ ਤੇ ਹੋਰ ਸਾਜ਼ ਸਮਾਨ ਲੱਦਿਆ ਹੋਇਆ ਸੀ। ਜਲੂਸ ਦੇ ਪਿਛੇ ਪਿਛੇ ਤਿੰਨ ਬਾਦਸ਼ਾਹੀ ਅਮ ਰ ਘੋੜਿਆਂ ਉਤੇ ਚੜ੍ਹੇ ਆ ਰਹੇ ਸਨ। ਇਹ ਸਨ ਇਹਤਮਾਦੁ-ਦੌਲਾ ਨਵਾਬ ਅਮੀਨ ਖ਼ਾਨ ਚੀਨ ਬਹਾਦਰ, ਜਿਸ ਨੂੰ ਬਾਦਸ਼ਾਹ ਨੇ ਹੁਕਮ ਦੇ ਕੇ ਕੈਦੀਆਂ ਨੂੰ ਇਸ ਕਿਸਮ ਦੇ ਜਲੂਸ ਦੀ ਸ਼ਕਲ ਵਿਚ ਲਿਆਉਣ ਲਈ ਭੇਜਿਆ ਸੀ, ਉਸ ਦਾ ਪੁੱਤਰ ਕਮੁਰੁਦੀਨ ਬਹਾਦਰ, ਅਤੇ ਉਸ ਦਾ ਜਵਾਈ (ਨਵਾਬ ਅਬਦੁੱਸਮਦ ਖ਼ਾਨ ਦਲੇਰਿ-ਜੰਗ ਦਾ ਪੁੱਤਰ ਜ਼ਕਰੀਆ ਖਾਨ ਬਹਾਦਰ; ਜੋ ਪਿਛੋਂ ਪੰਜਾਬ ਦਾ ਸੂਬੇਦਾਰ ਬਣਿਆ ਤੇ ਖ਼ਾਨ ਬਹਾਦਰ ਦੇ ਨਾਉਂ ਨਾਲ ਪ੍ਰਸਿੱਧ ਹੋਇਆ।

ਅਗਰਾਬਾਦ ਤੋਂ ਦਿਲੀ ਦੇ ਲਾਹੌਰੀ ਦਰਵਾਜ਼ੇ, ਤੇ ਇਥੋਂ ਅੱਗੇ ਕੁਤਵਾਲੀ ਤੱਕ ਮੀਲਾਂ ਵਿਚ ਸੜਕ ਦੇ ਦੋਹੀਂ ਪਾਸੀਂ ਸ਼ਾਹੀ ਫ਼ੌਜਾਂ ਤਈਨਾਤ ਕੀਤੀਆਂ ਹੋਈਆਂ ਸਨ ਤੇ ਖ਼ਲਕਤ ਦੇ ਹਜੂਮ ਤੇ ਠਟਾਂ ਦੇ ਠਟ ਖੜੇ ਸਨ। ਉਹ ਸਾਰੇ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੇ ਇਸੇ ਨਿਰਾਦਰੀ ਭਰੇ ਰੂਪ ਨੂੰ ਵੇਖ ਕੇ ਫੂਲੇ ਨਹੀਂ ਸਨ ਸਮਾਂਦੇ ਤੇ ਖ਼ੂਬ ਟਿੱਚਰ ਮਸ਼ਕਰੀ ਕਰ ਰਹੇ ਸਨ।

ਇਨ੍ਹਾਂ ਤਮਾਸ਼ਬੀਨਾਂ ਵਿਚ ਕਈ ਉਘੇ ਤੇ ਸਿਆਣੇ ਲਿਖਾਰੀ ਵੀ ਮੌਜੂਦ ਸਨ, ਜੋ ਸਿਖਾਂ ਦੀ ਦੁਰਦਸ਼ਾ ਤੇ ਪਿਛੋਂ ਹੋਣ ਵਾਲੀ ਮੌਤ ਦਾ ਨਜ਼ਾਰਾ ਤਕਣ ਆਏ ਸਨ। ਤੁਅੱਸਬ ਤੇ ਤੰਗ-ਦਿਲੀ ਨੇ ਭਾਵੇਂ ਇਨ੍ਹਾਂ ਦੀ ਆਤਮਾ ਤੇ ਈਮਾਨ ਨੂੰ ਜਕੜੀ ਰਖਿਆ ਹੈ, ਫਿਰ ਵੀ ਜੋ ਕੁਝ ਇਨ੍ਹਾਂ ਲਿਖਿਆ ਹੈ ਉਹ ਬਹੁਮੁੱਲੀ ਇਤਿਹਾਸਕ ਗੁਆਹੀ ਬਣ ਗਿਆ ਹੈ। ਸਿੰਘਾਂ ਦੀ ਬਹਾਦਰੀ ਜੁਰਅਤ, ਦਲੇਰੀ ਤੇ ਹੌਸਲੇ ਦੇ ਜੌਹਰ ਆ-ਮੁਹਾਰੇ ਉਨ੍ਹਾਂ ਦੇ ਮੂੰਹੋਂ ਨਿਕਲ ਗਏ ਹਨ, ਜਿਨ੍ਹਾਂ ਨੂੰ ਉਨ੍ਹਾਂ ਕਲਮਬੰਦ ਕਰ ਦਿਤਾ ਹੈ। ਮੌਤ ਦੇ ਮੂੰਹ ਵਿਚ ਜਾਂਦੇ ਹੋਏ ਵੀ ਉਹ ਕੈਦੀ ਚੜ੍ਹਦੀ ਕਲਾ ਵਿਚ ਸਨ, ਜ਼ਰਾ ਉਨ੍ਹਾਂ ਬੰਦਿਆਂ ਦੇ ਮੂੰਹੋਂ ਸੁਣੋ ਜਿਨ੍ਹਾਂ ਪਾਸ ਸਿੰਘਾਂ ਲਈ ਇਕ ਵੀ ਚੰਗਾ ਸ਼ਬਦ ਮੌਜੂਦ ਨਹੀਂ।

ਸਭ ਤੋਂ ਪਹਿਲਾਂ ਲਵੋ "ਇਬਰਤ ਨਾਮਾ" ਜਾਂ "ਸਵਾਨਿਹ ਹਾਰਿਸੀ" ਦੇ ਕਰਤਾ ਮਿਰਜ਼ਾ ਮੁਹੰਮਦ ਹਾਰਿਸੀ ਦੀ ਲਿਖਤ ਨੂੰ। ਇਹ ਆਦਮੀ ਉਨ੍ਹੀਂ ਦਿਨੀਂ ਦਿਲੀ ਵਿਚ ਮੌਜੂਦ ਸੀ। ਉਹ ਬੰਦਾ ਸਿੰਘ ਤੇ ਉਸ ਦੇ ਸਾਥੀ ਸਿਖ ਕੈਦੀਆਂ ਦੇ ਜਲੂਸ ਦਾ ਤਮਾਸ਼ਾ ਵੇਖਣ ਲਈ ਖ਼ੁਦ ਗਿਆ ਸੀ। ਉਸ ਦਿਨ ਉਹ ਨ ਕ ਮੰਡੀ ਤੋਂ ਨਾਲ ਨਾਲ ਚੱਲ ਕੇ ਬਾਦਸ਼ਾਹੀ ਕਿਲ੍ਹੇ ਤਕ ਜਲੂਸ ਦੇ ਨਾਲ ਗਿਆ ਸੀ। ਉਸ ਨੇ ਇਸ ਜਲੂਸ ਦਾ ਜੋ ਹਾਲ ਲਿਖਿਆ ਹੈ, ਸਭ ਅੱਖੀਂ ਵੇਖ ਕੇ ਲਿਖਿਆ ਹੈ। ਉਹ ਦਸਦਾ ਹੈ :

"ਦਰੀਂ ਰੋਜ਼ ਬੰਦਾ ਤਾ ਮੰਡਵੀ ਨਮਕ ਬਰਾਇ ਤਮਾਸ਼ ਰਫ਼ਤਾ ਬੂਦ ਵ ਅਜ਼ ਆਂ ਜਾ ਕਿਲ੍ਹਾ ਮੁਬਾਰਕ


www.AKJ.Org

ਹਮਰਾਹੀ ਨਮੂਦ ਵ ਅਜ਼ ਅਹਿਲਿ-ਸ਼ਹਿਰ ਕਮ ਕਸੇ ਬੂਦ ਕਿ ਬਰਾਇ-ਤਮਾਸ਼ਾ ਟਿਸਤ੍ਰੀਸਾਲ ਆਂ ਮੁਲਾਈਨ ਨਕਰਦਾ ਵ ਤੁਰਫ਼ਾ ਹਜੂਮੇ ਦਰ ਕੂਚਾ ਵ ਬਾਜ਼ਾਰਹਾ ਬਹਮ ਰਸੀਦਾ ਬੂਦ ਕਿ ਮਿਸਲਿ-ਆਂ ਕਮਤਰ ਇਤਫ਼ਾਕ ਮੀ ਉਫ਼ਤਦ ਵ ਮੁਸਲਮਾਨਾਂ ਰਾ ਸਰੂਰ ਵ ਤਰਬੇ ਤਮਾਮ ਦਾਤ ਦਾਦਾ—-ਅੱਮਾ ਆਂ ਬਦ ਬਖ਼ਤਾਂ ਕਿ ਬਾ ਈਂ ਹਾਲ ਗ੍ਰਿਫ਼ਤਾਰ ਆਮਦਾ ਬੂਦੰਦ ਬਸਿਆਰੇ ਅਜ਼ ਆਂਹਾ ਬਰ ਸ਼ਕਾਵਤ ਖ਼ੁਦ ਅਸਰਾਰ ਦਾਸ਼ਤੰਦ ਵ ਹੇਚ ਫ਼ਜ਼ੂਹ ਵ ਖ਼ਸ਼ੂਅ ਅਜ਼ ਚਿਹਰਾ ਆਂਹਾ ਮਾਲੂਮ ਨ ਸ਼ੁਦ । ਬਲਕਿ ਅਕਸਰੇ ਬਰ ਸ਼ੁਤਰਾਂ ਬਹ ਸਰੋਦ ਮਸ਼ਗੂਲ ਬੂਦੰਦ ·ਵ ਅਗਰ ਕਸੇ ਅਜ਼ ਅਹਿਲਿ-ਕੂਚਾ ਵ ਬਾਜ਼ਾਰ ਬਾਹ ਆਂਹਾ ਮੀ ਗੁਫ਼ਤ ਹਾਲਾ ਸ਼ੁਮਾ ਰਾ ਖਾਹਿੰਦ ਕੁਸ਼ਤ । ਮੇ ਗੁਫ਼ਤੰਦ ਬਕੁਸ਼ੇਦ, ਮਾ ਅਜ਼ ਕੁਸ਼ਤਨ ਕੈ ਮੀ ਤਰਸੇਮ ਵ ਅਗਰ ਮੀ ਤੁਰਸੀਦੇਮ ਚਰਾ ਬਾ ਸ਼ੁਮਾ ਈਂ ਕਦਰ ਜੰਗਹਾ ਮੀ ਕਰਦੇਮ ਵ ਮਾ ਮਹਿਜ਼ ਬਹ· ਸਬਬ ਗੁਜ਼ ਸਬਬ ਗੁਰ ਸੰਗੀ ਵ ਫ਼ਕਦਾਨ ਅਜ਼ੂਕਾ ਬ-ਦਸਤਿ-ਸ਼ੁਮਾ ਉਫ਼ਤਾਦੇਮ ਵ ਇੱਲਾ ਹਕੀਕਤਿ-ਬਹਾਦਰੀ-ਇ ਮਾ ਜ਼ਿਆਦਾ ਅਜ਼ ਆਂਚਿਹ ਦੀਦਾ-ਏਦ ਮਾਲੂਮ ਸ਼ੁਮਾ ਮੇ ਸ਼ੁਦ।

ਇਬਰਤਨਾਮਾ—ਸਫ਼ਾ ਪ੨-ਪ੩ ।[3]

**ਉਲਥਾ**—''ਬੰਦਾ (ਮੈਂ) ਇਸ ਦਿਨ ਵੇਖਣ ਲਈ ਨਮਕਮੰਡੀ ਤਕ ਗਿਆ ਸੀ ਅਤੇ ਉਥੋਂ ਕਿਲ੍ਹਾ ਮੁਬਾਰਕ (ਸ਼ਾਹੀ ਕਿਲ੍ਹੇ) ਤਕ ਇਸ ਜਲੂਸ ਦੇ ਨਾਲ ਨਾਲ ਰਿਹਾ ਸੀ। ਸ਼ਹਿਰ-ਵਾਸੀਆਂ ਚੋਂ ਸ਼ਾਇਦ ਹੀ ਕੋਈ ਆਦਮੀ ਐਸਾ ਹੋਵੇ ਜੋ ਇਨ੍ਹਾਂ ਫਿਟਕਾਰਿਆਂ (ਸਿਖਾਂ) ਦਾ ਅੰਤ ਹੁੰਦਾ ਵੇਖਣ ਲਈ ਘਰੋਂ ਬਾਹਰ ਨਾ ਆਇਆ ਹੋਵੇ। ਬਾਜ਼ਾਰਾਂ, ਗਲੀਆਂ ਅਤੇ ਰਸਤਿਆਂ ਵਿੱਚ ਅਜਿਹੀ ਠੱਸਾ ਠੱਸ ਭੀੜ ਪਹਿਲਾਂ ਕਦੇ ਘਟ ਹੀ ਵੇਖੀ ਗਈ ਸੀ। ਮੁਸਲਮਾਨ ਖੁਸ਼ੀ ਵਿਚ ਫੁਲੇ ਨਹੀਂ ਸਨ ਸਮਾ ਰਹੇ। ਪਰ ਉਹ ਫੜ ਕੇ ਲਿਆਂਦੇ ਹੋਏ ਬਦ-ਨਸੀਬ ਸਿਖ ਜੋ ਬੁਰੀ ਤਰ੍ਹਾਂ ਮੌਤ ਦੇ ਸ਼ਿਕੰਜੇ ਵਿਚ ਜਕੜੇ ਹੋਏ ਸਨ, ਬੜੇ ਪ੍ਰਸੰਨ-ਚਿਤ ਅਤੇ ਆਪਣੀ ਹੋਣੀ ਬਾਰੇ ਪੂਰੇ ਹੁਲਾਸ ਵਿਚ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਉਦਾਸੀ ਜਾਂ ਅਧੀਨਤਾ ਦਾ ਅਸਲੋਂ ਰੰਚ ਮਾਤਰ ਵੀ ਨਿਸ਼ਾਨ ਜਾਂ ਕੋਈ ਅਸਰ ਨਜ਼ਰ ਨਹੀਂ ਸੀ ਆ ਰਿਹਾ, ਸਗੋਂ ਬਹੁਤ ਸਾਰੇ ਸਿੰਘ ਊਠਾਂ ਉਤੇ ਉਸ ਬਧੀ ਹੋਈ ਹਾਲਤ ਵਿਚ ਸ਼ਬਦ ਪੜ੍ਹਨ ਵਿਚ ਪੂਰੀ ਤਰ੍ਹਾਂ ਲੀਨ ਸਨ। ਬਾਜ਼ਾਰਾਂ ਜਾਂ ਗਲੀਆਂ ਵਿਚ ਖੜੇ ਤਮਾਸ਼ਾਈਆਂ ਚੋਂ ਜੇ ਕੋਈ ਕਹਿੰਦਾ ਕਿ ਹੁਣ ਤੁਹਾਨੂੰ ਕਤਲ ਕਰ ਦਿਤਾ ਜਾਵੇਗਾ ਤਾਂ ਉਹ ਅਗੋਂ ਬੇਟੋਕ ਉੱਤਰ ਦੇਂਦੇ : "ਜਾਉ ਕਤਲ ਕਰ ਦਿਉ, ਅਸੀਂ ਮਰਨੋਂ ਕਦ ਡਰੇ ਹਾਂ। ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇੰਜ ਸਿਰ ਧੜ ਦੀ ਲਾ ਕੇ ਜੰਗਾਂ ਕਿਵੇਂ ਕਰਦੇ ? ਸਾਨੂੰ ਤਾਂ ਸਿਰਫ਼ ਭੁਖ ਅਤੇ ਖਾਧ-ਖੁਰਾਕ ਦੀ ਘਾਟ ਨੇ ਤੁਹਾਡੇ ਚੁੰਗਲ ਵਿਚ ਫਸਾ ਦਿਤਾ ਹੈ, ਨਹੀਂ ਤਾਂ ਸਾਡੀ ਬਹਾਦਰੀ ਦੇ ਕਾਰਨਾਮੇ ਜੋ ਅੱਜ ਤਕ ਤੁਸਾਂ ਵੇਖੇ ਹਨ, ਇਸ ਤੋਂ ਕਿਤੇ ਵਧ ਤੁਹਾਨੂੰ ਨਜ਼ਾਰੇ ਵਿਖਾ ਦੇਂਦੇ।''

ਇਸ ਜਲੂਸ ਦਾ ਦੂਸਰਾ ਚਸ਼ਮ-ਦੀਦ ਗੁਆਹ ਹੈ ਸੱਯਦ ਮੁਹੰਮਦ, ਜੋ ਉਸ ਵੇਲੇ ਉਥੇ ਹਾਜ਼ਰ ਸੀ ਤੇ ਉਸ ਸਮੇਂ ਦਾ ਅੱਖੀਂ ਡਿੱਠਾ ਨਜ਼ਾਰਾ ਆਪਣੀ ਪੁਸਤਕ ''ਤਬੱਸਿਰਤੁ-ਲ-ਨਾਜ਼ਰੀਨ'' ਵਿਚ ਦੇਂਦਿਆਂ ਲਿਖਿਆ ਹੈ :

''ਆਂ ਰੋਜ਼ ਕਿ ਊ ਰਾ ਬਮਕਾਹੀਰਿ-ਦੀਗਰ ਤਖ਼ਤ੍ਰਾ ਕਲਾਹ ਕਰਦਾ ਦਰ ਨਜ਼ਰ ਅਨਵਰ ਹਜ਼ਰਤ ਜਿੱਲਿ-ਸਬਹਾਨੀ ਮੀ ਗੁਜ਼ਰਾਨੀਦੰਦ ਈਂ ਜ਼ਈਫ਼ ਬਰਾਇ ਤਮਾਸ਼ਾ ਬੈਰੂੰਨ ਆਮਦ੍ਹਾ ਬੂਦ ਚਿਹ ਮੀ ਬੀਨਦ ਕਿ ਗੁਰੂਇ-ਜ਼ਰਦ ਰੂ ਰਾ ਬਰ ਫ਼ੀਲ ਸਵਾਰ ਕਰਦ੍ਹਾ ਅੰਦ ਦਰ ਪਿੰਜਰਾਇ-ਆਹਨੀਨ ਵ ਜਾਮਾ ਸੁਰਖ਼ ਬਰ ਊ ਪੋਸ਼ਾਨੀਦਾ ਵ ਕਾਲਬੇ ਅਜ਼ ਚੋਬ ਬਤੌਰ ਕਲਾਹ ਕਰਦ੍ਹਾ ਜ਼ਿਆਦਾ ਅਜ਼ ਪੰਜ ਸੇਰ ਖ਼ਾਕ ਦਰਓ ਰੇਜ਼ਦ ਤਰਾਸੀਦਾ ਬਖ਼ਾਕਸਤਰ ਅੰਬਾਸ਼ਤਾ ਬਾਲਾਇ-ਸਰਸ਼ ਗੁਜ਼ਾਸ਼ਤ੍ਹਾ ਕਿ ਅਜ਼ ਬਾਰਿ-ਗਰਾਨਿ-ਆਂ ਗਰਦਨਸ਼ ਖ਼ਮ ਗਸ਼ਤ੍ਹਾ ਵ ਤੁਰਸ਼ ਰੂ ਵ ਕਜ਼ ਨਿਸ਼ਸਤ੍ਹਾ ਵ ਸ਼ਖ਼ਸੇ ਦਰ ਪਹਿਲੂਇ-ਊ ਤੇਗ ਆਹੇਖ਼ਤ੍ਹਾ ਵ ਦੀਗ ਮਤਾਬਆਨ ਵ ਤਾਗ਼ੀਆਨਿ-ਉ ਰਾ ਬ-ਹੈਤਿ ਕਿ ਪੋਸਤ



www.AKJ.Org

ਬੁਜ਼ ਵ ਗ਼ਨਮ ਦਰ ਬਰੋ ਤਖ਼ਤ੍ਰਾ-ਕਲਾਹ ਬਰ ਸਰ ਬਰ ਸ਼ੁਤਰਾਨ ਸਵਾਰ ਬ-ਦੀਵਾਨਿ-ਆਮ ਕਿਲ੍ਹਾਇ-ਬਾਦਸ਼ਾਹੀ ਦਰ ਆਵੁਰਦੰਦ ਚੰਦਾਂਕਿ ਸਿਹਨਿ-ਆਂ ਮਕਾਮ ਵਸੀਅ ਅਜ਼ ਮਰਕੂਬਿ ਆਂ ਮੁਖ਼ਾਲਜ਼ੀ ਪੁਰ ਬੂਦ ਦਰ ਆਂ ਹੰਗਾਮ ਬੰਦ੍ਹਾ ਅਜ਼ ਅਨਾਂ ਖ਼ਤਾਬ ਬ-ਇਸ਼ਾਰਤ ਕਰਦਮ ਕਿ ਈਂ ਗੁਸਤਾਖ਼ੀ ਵ ਸ਼ੋਖ਼ੀ ਚਿਹ ਬੂਦ ਦਸਤ ਬਰ ਪੇਸ਼ਾਨੀ-ਇ-ਖ਼ੁਦ ਨਹਾਦ ਵ ਇਮਾ ਬਕਿਸਮਤ ਵ ਨਸੀਬਿ-ਖ਼ੁਦ ਕਰਦ ! ਮੁਰਾ ਦਰ ਆਂ ਵਕਤ ਅਦਾਇ-ਮੁਦਆ-ਇ-ਉ ਖ਼ੁਸ਼ ਆਮਦ ।[੪]

**ਉਲਥਾ** :–"ਉਸ ਦਿਨ ਉਸ (ਬੰਦਾ ਸਿੰਘ) ਨੂੰ ਉਸ ਦੇ ਦੂਸਰੇ ਸਾਥੀਆਂ, ਜਿਨ੍ਹਾਂ ਤੇ ਸ਼ਾਹੀ ਕਰੋਧ ਟੁੱਟ ਚੁਕਾ ਸੀ, ਨੂੰ ਜੂੜ ਤੇ ਕਾਠ ਮਾਰ ਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ ਗਿਆ। ਇਹ ਨਿਤਾਣਾ ਬੰਦਾ (ਲਿਖਾਰੀ) ਜੋ ਇਹ ਸਾਰਾ ਤਮਾਸ਼ਾ ਵੇਖਣ ਲਈ ਘਰੋਂ ਬਾਹਰ ਇਸ ਪਾਸੇ ਆਇਆ ਸੀ, ਕੀ ਵੇਖਦੈ ਕਿ ਉਸ ਕਾਲੇ ਮੂੰਹ ਵਾਲੇ ਗੁਰੂ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਹਾਥੀ ਉਤੇ ਬਿਠਾਇਆ ਹੋਇਆ ਹੈ। ਉਸ ਨੂੰ ਸੁਰਖ਼ ਪੋਸ਼ਾਕ ਪੁਆਈ ਹੋਈ ਸੀ। ਲਕੜ ਨੂੰ ਤਰਾਸ਼ ਕੇ ਤੇ ਅੰਦਰੋਂ ਟੋਪੀ ਵਾਂਗ ਉੱਕਰ ਕੇ, ਜਿਸ ਵਿਚ ਪ ਕੁ ਸੇਰ ਮਿੱਟੀ ਪੈ ਜਾਵੇ, ਮਿੱਟੀ ਨਾਲ ਭਰ ਕੇ ਉਸ ਦੇ ਸਿਰ ਉਤੇ ਪੁਆਈ ਹੋਈ ਸੀ, ਜਿਸ ਦੇ ਭਾਰ ਨਾਲ ਉਸਦੀ ਧੌਣ ਝੁਕੀ ਹੋਈ ਸੀ ਤੇ ਉਹ ਬੜਾ ਔਖਾ ਤੇ ਟੇਢਾ ਹੋ ਕੇ ਬੈਠਾ ਹੋਇਆ ਸੀ। ਇਕ ਆਦਮੀ ਹੱਥ ਵਿਚ ਨੰਗੀ ਤਲਵਾਰ ਸੂਤ ਕੇ ਉਸ ਦੇ ਲਾਗੇ ਹੀ ਖੜਾ ਸੀ। ਉਸ ਦੇ ਦੂਸਰੇ ਪੈਰੋਕਾਰ ਤੇ ਵਿਧ੍ਰੋਹੀ ਸਾਥੀਆਂ ਨੂੰ ਕਾਠ ਨਾਲ ਜਕੜ ਕੇ (ਕਾਠ ਮਾਰ ਕੇ) ਊਠਾਂ ਤੇ ਸਵਾਰ ਕਰਾ ਕੇ ਬਾਦਸ਼ਾਹੀ ਕਿਲ੍ਹੇ ਦੇ ਦੀਵਾਨਿ-ਆਮ ਤਕ ਲਿਆਂਦਾ ਗਿਆ। ਇਹ ਖੁਲ੍ਹ-ਡੁਲ੍ਹੀ ਜਗ੍ਹਾ ਇਨ੍ਹਾਂ ਨਖਿਧ ਬੰਦਿਆਂ ਦੀਆਂ ਸਵਾਰੀਆਂ (ਭਾਵ. ਊਠਾਂ) ਨਾਲ ਭਰੀ ਪਈ ਸੀ। ਉਸ ਵੇਲੇ ਮੈਂ ਉਨ੍ਹਾਂ ਵਿਚੋਂ ਇਕ ਨੂੰ ਹੱਥ ਨਾਲ ਇਸ਼ਾਰਾ ਕਰ ਕੇ ਕਿਹਾ ਕਿ ਇਹ ਹੈਂਕੜ ਤੇ ਤੁਹਾਡਾ ਕੀ ਨਖ਼ਰਾ ਸੀ ? ਉਸ ਨੇ ਹੱਥ ਆਪਣੇ ਮੱਥੇ ਉੱਤੇ ਰਖਿਆ ਤੇ ਮੈਨੂੰ ਇਸ਼ਾਰੇ ਨਾਲ ਸਮਝਾਇਆ ਕਿ ਇਹ ਮੇਰੇ ਭਾਗ ਤੇ ਲੇਖਾਂ ਦਾ ਸਿੱਟਾ ਹੈ। ਉਸ ਵੇਲੇ ਮੈਨੂੰ ਉਸ ਦੇ ਮਨੋ-ਭਾਵ ਦਸਣ-ਢੰਗ ਬੜਾ ਚੰਗਾ ਲਗਾ।"

ਵੈਰੀ ਵਲੋਂ ਕੀਤਾ ਗਿਆ ਵਹਿਸ਼ੀਆਂ ਵਾਲਾ ਅਤੀ ਮੰਦਾ ਸਲੂਕ, ਜੋ ਸੰਸਾਰ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਸੇ ਵਹਿਸ਼ੀ ਕੌਮ ਨੇ ਆਪਣੇ ਕੈਦੀਆਂ ਨਾਲ ਕੀਤਾ ਹੋਵੇ, ਤੇ ਅਥਾਹ ਨਿਰਾਦਰ, ਗੁਰੂ ਗੋਬਿੰਦ ਸਿੰਘ ਦੇ ਨਾਮ ਦੀ ਸ਼ਮ੍ਹਾ ਉਤੇ ਭੁਜ ਮਰਨ ਵਾਲੇ ਹਠੀ ਤੇ ਅਣਖੀਲੇ ਸਿੰਘਾਂ ਨੂੰ ਆਪਣੀ ਸੁਭਾਵਕ ਚੜ੍ਹਦੀ ਕਲਾ ਅਤੇ ਉਚ ਮਾਨਸਕ ਪਧਰ ਤੋਂ ਡਗਮਗਾ ਨਾ ਸਕੇ। ਉਨ੍ਹਾਂ ਨੂੰ ਸਗੋਂ ਹੋਰ ਰੋਹ ਨਾਲ ਦੂਣੀਆਂ ਲਾਲੀਆ ਚੜ੍ਹਦੀਆਂ ਗਈਆਂ।

ਜਿਸ ਨੇ ਵੀ ਸਿੰਘਾਂ ਨੂੰ ਮੌਤ ਦੇ ਪਰਛਾਵੇਂ ਥੱਲੇ, ਪੂਰੀ ਚੜ੍ਹਦੀ ਕਲਾ ਤੇ ਅਸਲੋਂ ਬੇਪਰਵਾਹੀ ਦੀ ਇਸ ਬੇ-ਮਿਸਾਲ ਸਥਿਤੀ ਵਿਚ ਵੇਖਿਆ, ਅਸ਼ ਅਸ਼ ਕਰ ਉਠਿਆ। ਮੁਹੰਮਦ ਹਾਦੀ ਕਾਮਵਰ ਖਾਨ ਦੇ ਦਿਲ ਉਤੇ ਜੋ ਸਿੰਘਾਂ ਦੀ ਇਸ ਬੇਨਜ਼ੀਰ ਮਨੋ-ਬਿਰਤੀ ਦਾ ਅਸਰ ਹੋਇਆ, ਉਹ ਆਪ-ਮੁਹਾਰੇ ਕਹਿੰਦਾ ਹੈ ਕਿ "ਬਿਨਾਂ ਕਿਸੇ ਉਦਾਸੀ ਜਾਂ ਨਮੋਸ਼ੀ ਦੇ ਉਹ ਰਾਜ਼ੀ-ਬਰ-ਰਜ਼ਾ (ਸ਼ਾਂਤ-ਚਿਤ) ਤੇ ਖਿੜੇ ਮੱਥੇ ਜਾ ਰਹੇ ਸਨ ਅਤੇ ਸ਼ਹੀਦਾਂ ਦੀ ਮੌਤ ਵਿਹਾਜਣ ਦੇ ਚਾਹਵਾਨ ਦਿਸਦੇ ਸਨ।" ਇਤਿਹਾਸ ਕਿਧਰੇ ਵੀ ਇਹੋ ਜਿਹੀ ਨਜ਼ੀਰ ਪੇਸ਼ ਨਹੀਂ ਕਰਦਾ ਕਿ ਕਾਤਲ ਤਾਂ ਕੰਬ ਰਿਹਾ ਹੋਵੇ, ਉਸ ਦੇ ਦਿਲ ਵਿਚ ਉਥੱਲ ਪੁਥੱਲ ਹੋ ਰਹੀ ਹੋਵੇ, ਤੇ ਕਤਲ ਹੋਣ ਵਾਲਾ ਸ਼ਾਂਤ-ਚਿਤ, ਬਿਲਕੁਲ ਅਟੰਕ, ਸਗੋਂ ਪੂਰੇ ਖੇੜੇ ਵਿਚ ਮੌਤ ਵਲ ਵਧ ਰਿਹਾ ਹੋਵੇ !

## ਸਿੰਘ ਮੌਤ ਨੂੰ ਇਕ ਖੇਡ ਤਮਾਸ਼ਾ ਹੀ ਸਮਝਦੇ ਸਨ–

ਉੱਤੇ ਜਿਨ੍ਹਾਂ ਇਤਿਹਾਸਕਾਰਾਂ ਦੀਆਂ ਅਖੀਂ ਡਿਠੀਆਂ ਗਵਾਹੀਆਂ ਦਾ ਜ਼ਿਕਰ ਕੀਤਾ ਹੈ, ਉਹ ਤੇ ਇਸ ਕਤਾਰ ਵਿਚ ਖੜੇ ਹੋਣ ਵਾਲੇ ਦੂਸਰੇ ਹੋਰ ਇਤਿਹਾਸਕਾਰ, ਸਿੱਖਾਂ ਦੇ ਇਸ ਜਲੂਸ ਤੇ ਉਨ੍ਹਾਂ ਦੇ ਮੌਤ ਦੀ ਸ਼ਕਲ ਵਿਚ ਹੋਣ ਵਾਲੇ ਅੰਤ ਨੂੰ ਅਤੀ ਘਿਰਣਾ ਨਾਲ ਤਮਾਸ਼ਾ ਹੀ ਦਸਦੇ ਹਨ। ਬਿਲਕੁਲ ਬੇ-ਸਮਝ ਨਿਆਣਿਆਂ ਵਾਲੀ ਬਿਰਤੀ ਦਾ ਪਰਗਟਾਵਾ ਕਰਦੇ ਹਨ, ਜੋ ਪਿੰਜਰੇ ਵਿਚ ਫੜੇ ਚੂਹਿਆਂ ਨੂੰ ਮਾਰਨ ਲਈ ਬਾਹਰ ਖੁਲ੍ਹੇ ਥਾਂ ਵਲ ਲਈ



www.AKJ.Org

ਜਾ ਰਹੇ ਹੋਣ ਤੇ ਉਨ੍ਹਾਂ ਦੀ ਮੌਤ, ਉਨ੍ਹਾਂ ਦੇ ਮਗਰ ਭਜ ਭਜ ਉਨ੍ਹਾਂ ਨੂੰ ਮਾਰਨਾ ਹਨ ਉਨ੍ਹਾਂ ਲਈ ਖੇਡ ਤੇ ਇਕ ਤਮਾਸ਼ਾ ਹੀ ਹੁੰਦੇ। ਇਹੋ ਹਾਲ ਇਨ੍ਹਾਂ ਲਿਖਾਰੀਆਂ ਦਾ ਹੈ। ਸਿੱਖਾਂ ਪ੍ਰਤੀ ਇਹ ਤੁਅੱਸਬ ਵਿਚ ਸੜ ਬਲ ਰਹੇ ਹਨ। ਇਨ੍ਹਾਂ ਪਾਸ ਰਹਿਮ ਤਾਂ ਪਾਸੇ ਰਿਹਾ, ਇਕ ਵੀ ਚੰਗਾ ਸ਼ਬਦ ਨਹੀਂ ਸਿਖਾਂ ਵਾਸਤੇ। ਤੁਅੱਸਬ ਵਿਚ ਅੰਨ੍ਹੇ ਤੇ ਘਿਰਣਾ ਵਿਚ ਭੁਜਦੇ ਹੋਏ, ਮੌਤ ਦੇ ਮੂੰਹ ਪੈ ਰਹੇ ਸਿੱਖਾਂ ਦੀ ਇਸ ਹਾਲਤ ਨੂੰ ਇਕ ਤਮਾਸ਼ਾ ਹੀ ਦਸਦੇ ਹਨ। ਪਰ ਅਸਲੀਅਤ ਇਹ ਹੈ ਕਿ ਸਿਖ ਤਾਂ ਮੌਤ ਨੂੰ ਸਮਝਦੇ ਵੀ ਇਕ ਖੇਡ-ਤਮਾਸ਼ਾ ਹੀ ਸਨ। ਲਿਖਣ ਵਾਲਿਆਂ ਦੀਆਂ ਸਤਰਾਂ ਦਾ ਇਕ ਇਕ ਸ਼ਬਦ ਮੂੰਹ-ਬੋਲਦੀ ਤਸਵੀਰ ਹੈ ਕਿ ਉਹ ਇਸ ਹੋਣ ਵਾਲੀ ਮੌਤ ਤੋਂ ਕਿੰਨੇ ਭੈ-ਭੀਤ ਸਨ। ਪਰ ਜਿਨ੍ਹਾਂ ਦੀ ਮੌਤ ਹੋਣੀ ਹੈ ਉਹ ਪ੍ਰਸੰਨ ਤੇ ਅਨੰਦ ਮਗਨਾਰ ਹਨ। ਇਨ੍ਹਾਂ ਮੌਕੇ ਦੇ ਗੁਆਹਾਂ ਨੂੰ ਸਿੰਘਾਂ ਦੀ ਉੱਚ ਮਾਨਸਕ ਅਵਸਥਾ ਕਿੰਨੀ ਅਜੀਬ ਤੇ ਚਕ੍ਰਿਤ ਕਰਨ ਵਾਲੀ ਲਗਦੀ ਹੈ। ਲਿਖ ਕੇ ਭਾਵੇਂ ਉਹ ਆਪਣੀ ਘਿਰਣਾ ਤੇ ਤੁਅੱਬਸ ਦਾ ਉਬਾਲ ਕਢਦੇ ਹਨ, ਪਰ ਅੰਦਰੋਂ ਦਿਲ ਉਨ੍ਹਾਂ ਦੇ ਸਿੰਘਾਂ ਦੇ ਧੀਰਜ, ਆਤਮਕ ਬਲ ਤੇ ਸਾਹਸ ਉਤੇ ਅੱਸ਼ ਅੱਸ਼ ਕਰ ਰਹੇ ਹਨ, ਆਫਰੀਨ ਕਹਿ ਰਹੇ ਹਨ।

**ਫ਼ਰੁਖ਼-ਸੀਅਰ ਵਲੋਂ ਸਿੰਘਾਂ ਦੀ ਕਤਲਾਮ ਦਾ ਹੁਕਮ—**

ਜਦ ਬਾਦਸ਼ਾਹ ਦੇ ਹਜ਼ੂਰ ਲਿਆਂਦੇ ਗਏ ਤਾਂ ਉਸਨੇ ਹੁਕਮ ਦੇ ਕੇ ਬੰਦਾ ਸਿੰਘ, ਭਾਈ ਬਾਜ਼ ਸਿੰਘ, ਭਾਈ ਫ਼ਤਹ ਸਿੰਘ, ਭਾਈ ਰਾਮ ਸਿੰਘ, ਭਾਈ ਕਰਮ ਸਿੰਘ ਜਿਹੇ ਜਰਨੈਲਾਂ ਤੇ ਕੁਝ ਹੋਰ ਉਘੇ ਆਗੂਆਂ ਨੂੰ ਇਬਰਾਹੀਮ ਖ਼ਾਨ ਮੀਰਿ-ਆਤਿਸ਼ ਦੇ ਹਵਾਲੇ ਕਰ ਦਿਤਾ, ਤਾਕਿ ਇਨ੍ਹਾਂ ਨੂੰ ਕਿਲ੍ਹੇ ਵਿਚ ਕੈਦ ਕਰ ਦਿਤਾ ਜਾਵੇ। ਬੰਦਾ ਸਿੰਘ ਦੀ ਘਰ ਵਾਲੀ, ਉਸ ਦੇ ਚਾਰ ਵਰ੍ਹਿਆਂ ਦੇ ਬੱਚੇ ਅਜੈ ਸਿੰਘ ਅਤੇ ਉਸ ਦੀ ਖਿਡਾਵੀ ਨੂੰ ਸ਼ਾਹੀ ਹਰਮ (ਜ਼ਨਾਨ-ਖ਼ਾਨਾ) ਦੇ ਪ੍ਰਬੰਧਕ ਦਰਬਾਰ ਖ਼ਾਨ ਨਾਜ਼ਰ ਦੇ ਸਪੁਰਦ ਕੀਤਾ ਗਿਆ।

ਬਾਕੀ ਦੇ ੬੯੪ ਸਿੰਘ ਕਤਲ ਕਰ ਦੇਣ ਲਈ ਸਰਬਰਾਹ ਖ਼ਾਨ ਕੋਤਵਾਲ ਦੇ ਹਵਾਲੇ ਕੀਤੇ ਗਏ। ਉਸ ਨੂੰ ਇਹ ਹੁਕਮ ਦਿਤਾ ਗਿਆ ਕਿ ਕੈਦੀਆਂ ਵਿਚੋਂ ਸੌ ਸੌ ਰੋਜ਼ ਕੁਤਵਾਲੀ ਦੇ ਸਾਮ੍ਹਣੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਅਤੇ ਵੱਡੇ ਵੱਡੇ ਬਾਜ਼ਾਰਾਂ ਦੇ ਚੌਕਾਂ ਵਿਚ ਖ਼ਲਕਤ ਦੇ ਸਾਮ੍ਹਣੇ ਕਤਲ ਕੀਤੇ ਜਾਇਆ ਕਰਨ। ਜਿਹੜਾ ਸਿਖ ਕੈਦੀ ਮੁਸਲਮਾਨ ਹੋਣਾ ਮੰਨ ਜਾਵੇ, ਉਸ ਨੂੰ ਉਸੇ ਵੇਲੇ ਛੱਡ ਦਿਤਾ ਜਾਵੇ। ਪਰ ਵਾਹ ਖਾਲਸਈ ਸਿਦਕ ਤੇ ਹੌਸਲਾ! ਇਨ੍ਹਾਂ ਅੱਠ ਸੌ ਤੋਂ ਵਧ ਕੈਦੀਆਂ ਚੋਂ ਕਿਸੇ ਨੇ ਵੀ ਆਪਣਾ ਧਰਮ ਗੁਆ ਕੇ ਜਿਊਣਾ ਮਨਜ਼ੂਰ ਨਾ ਕੀਤਾ।

ਤਿੰਨੇ ਵੱਡੇ ਅਫ਼ਸਰਾਂ, ਇਹਤਮਾਦ-ਦੌਲਾ ਮੁਹੰਮਦ ਅਮੀਨ ਖਾਨ, ਉਸਦੇ ਪੁਤਰ ਕਮਰੁੱਦੀਨ ਖਾਨ ਅਤੇ ਜ਼ਕਰੀਆ ਖਾਨ, ਨੂੰ ਬਾਦਸ਼ਾਹ ਵਲੋਂ ਦਿਲ ਖੋਲ੍ਹ ਕੇ ਇਨਾਮ ਦਿਤੇ ਗਏ। ਗੁਰਦਾਸ ਨੰਗਲੋਂ ਜੋ ਹਥਿਆਰ ਤੇ ਅਸਬਾਬ ਫੜਿਆ ਗਿਆ ਸੀ, ਜ਼ਕਰੀਆ ਖਾਨ ਨੇ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਾਇਆ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ—

> ਤਲਵਾਰਾਂ ੧੦੦੦, ਢਾਲਾਂ ੨੭੮; ਤੀਰ ਕਮਾਨ ੧੭੩, ਰਾਮ ਜੰਗੇ (ਬੰਦੂਕਾਂ) ੧੮੦, ਜਮਦਾੜ੍ਹ (ਜਮਧਰ), ੧੧੪, ਸੋਨੇ ਦੀਆਂ ਮੋਹਰਾਂ ੨੩ (ਤੇਈ), ਰੁਪਏ ੬੦੦ ਤੋਂ ਕੁਝ ਵਧ, ਸੋਨੇ ਦੇ ਗਹਿਣੇ ਬਿਲਕੁਲ ਥੋੜੇ ਜਿਹੇ।

ਇਤਿਹਾਸਕਾਰ ਹੈਰਾਨ ਹਨ ਕਿ ਏਨੇ ਥੋੜੇ ਜਿਹੇ ਹਥਿਆਰਾਂ ਤੇ ੬੦੦ ਰੁਪਏ ਨਾਲ ਕੰਮ ਸਾਰ ਰਹੇ ਸਿੰਘਾਂ ਨੇ ਕਿਵੇਂ ਮੁਗਲ ਹਕੂਮਤ ਦੀ ੮ ਮਹੀਨਿਆਂ ਤੋਂ ਵਧ ਸਮੇਂ ਲਈ ਨੀਂਦ ਹਰਾਮ ਕਰ ਛੱਡੀ। ਕਾਮਵਰ ਖ਼ਾਨ ਲਿਖਦਾ ਹੈ ਕਿ ਇਹ ਸੱਚਮੁਚ ਤੇ ਬਿਲਕੁਲ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਏਨੇ ਥੋੜੇ ਜਿਹੇ ਹਥਿਆਰਾਂ ਤੇ ਮਾਮੂਲੀ ਸਾਮਾਨ ਨਾਲ ਸਿੰਘਾਂ ਨੇ ਆਪਣੇ ਸਮੇਂ ਦੀ ਸਭ ਤੋਂ ਵੱਡੀ ਤੇ ਮਜ਼ਬੂਤ ਹਕੂਮਤ ਦਾ ਐਡੇ ਲੰਮੇ ਸਮੇਂ ਤਕ ਇਸ ਤਰ੍ਹਾਂ ਸਿਰ ਧੜ ਦੀ ਲਾ ਕੇ ਮੁਕਾਬਲਾ ਕੀਤਾ। ਫੜੇ ਜਾਣ ਪਿਛੋਂ ਵੀ ਉਹ ਵੈਸੀ ਹੀ ਚੜ੍ਹਦੀ ਕਲਾ ਵਿਚ ਰਹੇ, ਕਿਸੇ ਨੇ ਦਿਲ ਨਹੀਂ ਡੁਲਾਇਆ, ਜਾਨ ਪਿਆਰੀ ਨਹੀਂ ਕੀਤੀ। ਇਹ ਸੀ



www.AKJ.Org

ਸਿੱਖਾਂ ਦੇ ਹੌਸਲੇ, ਹੱਠ ਤੇ ਭਿਸਰੇ ਦੀ ਫ਼ੌਲਾਦ ਵਰਗੀ ਮਜ਼ਬੂਤ ਚਟਾਨ, ਜਿਸ ਨਾਲ ਮੁਗ਼ਲਾਂ ਦੀ ਹੈਂਕੜ-ਸ਼ਾਹੀ ਤੇ ਅਜਿਤ ਹੋਣ ਦਾ ਘੁਮੰਡ, ਟਕਰਾਅ ਕੇ ਚਕਨਾ ਚੂਰ ਹੋ ਗਏ। [ਚਲਦਾ]

### ਹਵਾਲੇ ਤੇ ਫ਼ੁਟਨੋਟ

੧. ਸੀ ਆਰ ਵਿਲਸਨ-ਅਰਲੀ ਐਨਲਜ਼ ਆਫ਼ ਦੀ ਇੰਗਲਿਸ਼ ਇਨ ਬੰਗਾਲ, ਸਫ਼ਾ ੯੬-੯੮

੨. ਸ: ਕਰਮ ਸਿੰਘ ਹਿਸਟੋਰੀਅਨ-ਜੀਵਨ ਬ੍ਰਿਤਾਂਤ ਬੰਦਾ ਬਹਾਦਰ ਸਫ਼ਾ ੧੮੧
ਡਾ: ਗੰਡਾ ਸਿੰਘ-ਬੰਦਾ ਸਿੰਘ ਬਹਾਦਰ (ਇੰਗਲਿਸ਼), ਸਫ਼ਾ ੨੧੮
ਡਾ: ਹਰੀ ਰਾਮ ਗੁਪਤਾ-ਹਿਸਟਰੀ ਆਫ਼ ਦੀ ਸਿਖਸ, ਭਾਗ *II*, ਸਫ਼ਾ ੩੦
ਦੋਵੇਂ ਇਤਿਹਾਸਕਾਰ ਇਹ ਗਿਣਤੀ ਦੋ ਹਜ਼ਾਰ ਲਿਖਦੇ ਹਨ।

੩. ਮਿਰਜ਼ਾ ਮੁਹੰਮਦ ਹਾਰਿਸੀ ਇਬਰਤਨਾਮਾ (ਫ਼ਾਰਸੀ), ਦੂਜਾ ਨਾਮ ਸਵਾਨਿਹ ਹਾਰਿਸੀ, ਸਫ਼ਾ ੫੨-੫੩

੪. ਸੱਯਦ ਮੁਹੰਮਦ-ਤਬੱਸਰਤੁ-ਲ-ਨਾਜ਼ਰੀਨ-(ਫ਼ਾਰਸੀ), ਸਫ਼ਾ ੧੮੭

---

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ-ਵਸਤੂ

ਆਦਿ ਗ੍ਰੰਥ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਕਵਿਤਾ ਵਿਚ ਹੈ; ਕਵਿਤਾ ਵੀ ਉੱਚੀ ਭਾਂਤ ਦੀ ਰਹੱਸਵਾਦੀ ਸੁਰੀਲੀ ਤੇ ਰਸੀਲੀ ਜੀਵਨ-ਦਾਤੀ, ਦੈਵੀ ਕਵਿਤਾ। ਇਸ ਪੱਖੋਂ ਵੇਦ ਕਤੇਬ ਨਾਲੋਂ ਇਸ ਦੀ ਤੁਲਨਾ ਬਣਦੀ ਨਹੀਂ। ਬਹੁਤੇ ਧਰਮ-ਗ੍ਰੰਥ ਵਾਰਤਕ ਵਿਚ ਹਨ ਤੇ ਵਧੇਰੇ ਕਰਮ-ਕਾਂਡਾਂ ਤੇ ਮਿਥਿਹਾਸਕ ਵਾਰਤਾਵਾਂ ਨਾਲ ਭਰੇ ਪਏ ਹਨ। ਪਰ ਗੁਰੂ ਗ੍ਰੰਥ ਸਾਹਿਬ ਅਜਿਹੀਆਂ ਪੁਰਾਣਕ ਕਥਾਵਾਂ ਦੀ ਕਿਤਾਬ ਨਹੀਂ, ਸਗੋਂ ਰੂਹਾਨੀ ਕਵਿਤਾ ਦਾ ਭੰਡਾਰ ਹਨ, ਜਿਸ ਵਿਚ ਵਿਸ਼ੇ-ਵਸਤੂ ਦੀ ਇਕ-ਸਾਰਤਾ ਹੈ, ਇਕ-ਸੁਰਤਾ ਵਿਸਮਾਦ ਪੈਦਾ ਕਰਨ ਵਾਲੀ ਹੈ। **ਇਹ ਵਿਸ਼ਾ-ਵਸਤੂ ਹੈ ਸੱਚ, ਕੇਵਲ ਸੱਚ, ਪਰਮ ਸੱਚ।**

ਕਿਸੇ ਮਹਾਨ ਕਵਿਤਾ ਦੀ ਇਹ ਪਹਿਲੀ ਵਡਿਆਈ ਹੈ ਕਿ ਉਸ ਦਾ ਵਿਸ਼ਾ-ਵਸਤੂ ਸ਼ੁੱਧ ਤੇ ਪਵਿੱਤਰ ਹੋਵੇ, ਉਸ ਵਿਚ ਕੋਈ ਬਨਾਵਟ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਕੇਵਲ ਸੱਚ ਹੈ। ਵਿਚਾਰ ਲਈ ਇਸ ਦੇ ਚਾਰ ਭਾਗ ਕੀਤੇ ਜਾ ਸਕਦੇ ਹਨ:

੧. ਸੱਚ ਦਾ ਸਰੂਪ ਕੀ ਹੈ?
੨. ਸੱਚ ਦੀ ਪ੍ਰਾਪਤੀ ਦੇ ਸਾਧਨ ਕੀ ਹਨ? ਜਾਂ ਕੀ ਨਹੀਂ ਹਨ?
੩. ਜਿਨ੍ਹਾਂ ਸੱਚ ਪ੍ਰਾਪਤ ਕਰ ਲਿਆ।
੪. ਜਿਨ੍ਹਾਂ ਸੱਚ ਨੂੰ ਨਹੀਂ ਪਾਇਆ।

ਸੋ ਆਦਿ ਗ੍ਰੰਥ ਦੀ ਬਾਣੀ ਵਿਚ ਜ਼ਿੰਦਗੀ ਨੂੰ ਸੱਚ ਦੀ ਉਚੇਰੀ ਸਿਖਰ ਤੇ ਪਹੁੰਚਾਉਣ ਲਈ ਪ੍ਰਬਲ ਤਾਂਘ ਦਿਖਾਈ ਦਿੰਦੀ ਹੈ। ਜੀਵ ਨੂੰ 'ਸੰਪੂਰਨ ਮਨੁਖ' ਸਾਜਣਾ ਇਨ੍ਹਾਂ ਕਲਾਕਾਰਾਂ ਦਾ ਕਲਿਆਣਕਾਰੀ ਉਦੇਸ਼ ਹੈ, ਦੈਵੀ ਰਿਸ਼ਤੇ ਤੋਂ ਬਿਨਾਂ ਹੋਰ ਕਿਸੇ ਰਿਸ਼ਤੇ ਦੀ ਗੱਲ ਨਹੀਂ। ਇਤਿਹਾਸ ਪੁਰਾਣ ਦੇ ਹਵਾਲੇ ਸੰਕੇਤ ਵਜੋਂ ਹਨ, ਵਿਸ਼ਾ ਕੇਵਲ 'ਪਰਮ ਸੱਚ' ਹੀ ਹੈ। ਅਜਿਹੀ ਉਚੀ ਕਵਿਤਾ ਆਪੋ ਆਪਣੇ ਉਦੇਸ਼ ਤੇ ਮੰਤਵ ਵਿਚ ਇਤਨਾ ਗੌਰਵ ਤੇ ਪ੍ਰਭਾਵ ਰਖਦੀ ਹੈ, ਜਿਸ ਨੂੰ ਨਮਸਕਾਰ ਕਰਨੀ ਬਣਦੀ ਹੈ, ਇਸੇ ਕਰਕੇ ਇਸ ਸਚਿਆਰੀ ਕਵਿਤਾ ਨੂੰ 'ਗੁਰੂ-ਬਾਣੀ' ਜਾਂ 'ਧੁਰ ਕੀ ਬਾਣੀ' ਕਿਹਾ ਗਿਆ ਹੈ। [ਪ੍ਰੋ. ਪਿਆਰਾ ਸਿੰਘ ਪਦਮ, 'ਸੀਸ ਗੰਜ' ਅਕਤੂਬਰ ੯੧ ਵਿਚੋਂ



www.AKJ.Org

# ਭਾਈ ਹਰਜਿੰਦਰ ਸਿੰਘ ਜੀ ਖਾਲਸਾ ਚਲ ਵਸੇ

ਦੁਆਬੇ ਦੇ ੧੯੩੯ ਦੇ ਜੰਮ-ਪਲ ਭਾਈ ਹਰਜਿੰਦਰ ਸਿੰਘ ਇੰਗਲੈਂਡ ਵਾਲੇ, ੧੯੮੪ ਦੇ ਖ਼ੂਨੀ ਕਾਂਡ ਸਮੇਂ ਸਿਖ ਕੌਮ ਤੇ ਜੋ ਕਹਿਰਾਂ ਦੀ ਹਨੇਰੀ ਝੁਲੀ, ਉਸ ਤੋਂ ਇੰਨੇ ਪ੍ਰਭਾਵਤ ਹੋਏ ਕਿ ਨਵੇਂ ਸਿਰੇ ਸਿੱਖੀ ਵੇਸ ਵਿਚ ਆ ਗਏ ਅਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਵੈਸਾਖੀ ੧੯੮੮ ਸਮੇਂ ਅਖੰਡ ਕੀਰਤਨ ਸਮਾਗਮਾਂ ਸਮੇਂ ਪੰਜਾਂ ਪਿਆਰਿਆਂ ਤੋਂ ਨਾਮ ਦੀ ਦਾਤਿ ਪ੍ਰਾਪਤ ਹੋਣ ਨਾਲ ਆਪ ਦੀ ਕਾਇਆਂ ਹੀ ਪਲਟ ਗਈ। ਨਾਮ-ਅਭਿਆਸੀ ਗੁਰਸਿਖ-ਵੀਰਾਂ ਦੀ ਸਗਤ ਸਦਕਾ ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਬਾਣੀ ਦੇ ਲਾਹੇ, ਕੀਰਤਨ ਸਮਾਗਮਾਂ ਦੀ ਵਧ ਤੋਂ ਵਧ ਹਾਜ਼ਰੀ ਅਤੇ ਬਿਬੇਕੀ ਜੀਵਨ ਦੇ ਆਪ ਧਾਰਨੀ ਹੋ ਗਏ। ਇਹ ਖਾਲਸਈ ਰੰਗ 'ਨਿਤ ਨਿਤ ਚੜੈ ਸਵਾਇਆ' ਹੋ ਰਿਹਾ ਸੀ, ਇਸੇ ਕਰਕੇ ਆਪ ਜੀ ਦੇ ਨਾਮ ਨਾਲ 'ਖਾਲਸਾ' ਪਦ ਸੁਸ਼ੋਭਤ ਹੋ ਗਿਆ।

ਆਪ ਜੀ ਸਦਾ ਹੀ ਆਪਣੇ ਤਿੰਨ ਜਨਮ ਕਹਿੰਦੇ ਹੁੰਦੇ ਸਨ : ਪਹਿਲਾ ਮਾਂ ਦੇ ਉਦਰ ਤੋਂ, ਦੂਜਾ ੧੯੮੪ ਵਿਚ ਅਤੇ ਤੀਜਾ ੧੯੮੮ ਵਿਚ ਨਾਮ ਦੀ ਦਾਤਿ ਪ੍ਰਾਪਤ ਕਰਨ ਸਮੇਂ।

ਮਾਇਆ ਵਲੋਂ ਆਪ ਉਤੇ ਸਤਿਗੁਰੂ ਜੀ ਦੀ ਬੇਅੰਤ ਮਿਹਰ ਸੀ। ਉਨ੍ਹਾਂ ਦੇ ਅੰਦਰ ਗੁਰਸਿਖ ਪਨੀਰੀ ਦੀ ਸਾਂਭ ਸੰਭਾਲ ਲਈ ਅਲੌਕਿਕ ਚਾਅ ਉਤਪੰਨ ਹੋਏ ਅਤੇ ਉਨ੍ਹਾਂ ਨੇ ਇਸ ਚਾਅ ਨੂੰ ਸਿਰੇ ਚੜ੍ਹਾਉਣ ਲਈ ਮੋਹਾਲੀ ਨੇੜੇ ਸੁਜਾੜਾ ਪਿੰਡ ਦੇ ਸਾਹਮਣੇ ਚੰਡੀਗੜ੍ਹ-ਸਰਹੰਦ ਰੋਡ ਤੇ ੨੫ ਏਕੜ ਜ਼ਮੀਨ ਖ਼ਰੀਦ ਲਈ, ਨਾਲ ਹੀ ਮੁਢਲੀਆਂ ਇਮਾਰਤਾਂ ਦੀ ਉਸਾਰੀ ਵੀ ਅਰੰਭ ਕਰਵਾ ਦਿਤੀ। ਗੁਰੂ-ਬਖ਼ਸ਼ੀ ਮਾਇਆ ਵਿਚੋਂ ੫੦-੬੦ ਲੱਖ ਰੁਪਏ ਆਪ ਜੀ ਹੁਣ ਤਕ ਇਸ ਕਾਰਜ ਦੇ ਆਰੰਭ ਵਿਚ ਖ਼ਰਚ ਚੁਕੇ ਸਨ।

ਉਨ੍ਹਾਂ ਨੇ ਪੰਥਕ ਸੇਵਾ ਲਈ ਪੰਥ-ਦਰਦੀਆਂ ਅਤੇ ਉਚ ਕੋਟੀ ਦੇ ਸਕਾਲਰਾਂ ਨਾਲ ਸੰਪਰਕ ਕਰ ਕੇ ਹੇਠ ਲਿਖਿਆ ਪ੍ਰੋਗਰਾਮ ਉਲੀਕਿਆ—

੧. ਰੌਸ਼ਨ-ਦਿਮਾਗ ਬੱਚਿਆਂ ਵਿਚ ਅਜੋਕੀ ਉਚ-ਪਧਰੀ ਵਿਦਿਆ ਦੇ ਨਾਲ ਨਾਲ ਗੁਰਮਤਿ ਵਿਦਿਆ ਦੇ ਪਸਾਰ ਹਿਤ 'ਮਾਤਾ ਸਾਹਿਬ ਕੌਰ ਅਕੈਡਮੀ' ਦਾ ਨੀਂਹ ਪੱਥਰ ੯-੧੦-੯੧ ਨੂੰ ਰਖਵਾ ਦਿਤਾ।

੨. ਮਾਤਾ ਸਾਹਿਬ ਕੌਰ ਹਸਪਤਾਲ ਜਾਰੀ ਕੀਤਾ ਜਾਣਾ।

੩. ਗੁਰਦੁਆਰਾ 'ਸ੍ਰੀ ਜੋਤ ਪ੍ਰਕਾਸ਼' ਸਾਜ ਕੇ ਉਸ ਦੀ ਜੋਤੀ ਸਾਰੇ ਆਲੇ ਦੁਆਲੇ ਵਿਚ ਫੈਲਾਈ ਜਾਣੀ।

੪ ਬਾਬਾ ਦੀਪ ਸਿੰਘ ਬਿਰਧ-ਆਸ਼ਰਮ ਕਾਇਮ ਕੀਤਾ ਜਾਣਾ।

ਇਨ੍ਹਾਂ ਮਹਾਨ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਸਿਧ ਆਰਕੀਟੈਕਟਾਂ ਤੋਂ ਸਥਾਨ ਦਾ ਨਕਸ਼ਾ ਬਣਵਾ ਲਿਆ ਗਿਆ ਅਤੇ ਮਾਤਾ ਸਾਹਿਬ ਕੌਰ ਨਗਰ ਵਾਲੇ ਅਸਥਾਨ ਤੇ ੪-੫-੬ ਅਕਤੂਬਰ ੧੯੯੧ ਨੂੰ ਸ੍ਰੀ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ ਦੇ ਮਹਾਨ ਸਮਾਗਮ ਰਚੇ ਗਏ, ਜਿਸ ਵਿਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ-ਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਸਮੇਂ ੧੨੦ ਫੁਟ ਉੱਚਾ ਨਿਸ਼ਾਨ ਸਾਹਿਬ ਵੀ ਝੁਲਾਇਆ ਗਿਆ।

੧੭ ਤੋਂ ੧੯ ਅਕਤੂਬਰ ਨੂੰ ਦੁਸਹਿਰੇ ਤੇ ਦਿਲੀ ਵਿਖੇ ਕੀਰਤਨ ਸਮਾਗਮਾਂ ਦੀ ਸੋਅ ਪਈ ਤਾਂ ਸਾਥੀ ਸਿੰਘਾਂ ਸਮੇਤ ਜਾ ਪਹੁੰਚੇ। ਤਿੰਨ ਬੈਠਕਾਂ ਦੇ ਖ਼ੂਬ ਲਾਹੇ ਲਏ। ਅਤੇ ਬੜੇ ਰੰਗਾਂ ਵਿਚ ਨਾਮ ਬਾਣੀ ਕੀਰਤਨ ਦੇ ਅਨੰਦ ਮਾਣੇ। ਕਹਿਣ ਲਗੇ, ਜੀਵਨ ਵਿਚ ਅੰਮ੍ਰਿਤ-ਰਸ ਹੁਣ ਹੀ ਭੁੰਚਿਆ ਹੈ। ਜੇ ਕੋਈ ਸਚਖੰਡ ਹੈ ਤਾਂ ਇਹੀ ਹੈ। ਬਸ, ਕੀਰਤਨ ਰੂਪੀ ਸਚਖੰਡ ਦੇ ਨਜ਼ਾਰੇ ਲੈਂਦਿਆਂ 'ਸਦੜੇ ਪਏ' ਵਾਲੀ ਗੱਲ ਹੋ ਗਈ। ਜਿਹੜੇ ਆਪ ਜੀ ਨੂੰ ਮਿਲੇ, ਜਿਨ੍ਹਾਂ ਆਪ ਦੀ ਸੰਗਤ ਕੀਤੀ ਅਤੇ ਜਿਹੜੇ ਆਪ ਜੀ ਦੇ ਉਦੇਸ਼ ਪ੍ਰਤੀ ਉਤਸ਼ਾਹ ਰਖਦੇ ਸਨ, ਸਾਰੇ ਹੀ 'ਕਰਤੇ ਦੀ ਖੇਡ' ਤੇ ਹੈਰਾਨ ਰਹਿ ਗਏ।

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਾਏ ॥੯੯॥ (੧੩੮੩)



www.AKJ.Org

ਦੇ ਹੁਕਮ ਅਨੁਸਾਰ ਆਪ ੧੯-੧੧-੯੧ ਨੂੰ ਗੁਰਪੁਰੀ ਸਿਧਾਰ ਗਏ। ਦਿੱਲੀ ਤੋਂ ਆਪ ਜੀ ਦੀ ਦੇਹੀ ਨੂੰ ਮੋਹਾਲੀ ਲਿਆਂਦਾ ਗਿਆ ਅਤੇ ਬਅੰਤ ਸੰਗਤਾਂ ਦੀ ਹਾਜ਼ਰੀ ਵਿਚ ਸਸਕਾਰ ਕੀਤਾ ਗਿਆ। ਆਪ ਜੀ ਦੇ ਨਮਿਤ ਸ੍ਰੀ ਅਖੰਡਪਾਠ ਅਤੇ ਕੀਰਤਨ-ਸਮਾਗਮ ਖ਼ੂਬ ਹੋਏ ਅਤੇ ਹੋ ਰਹੇ ਹਨ।

ਅਰਦਾਸ ਹੈ, ਵਾਹਿਗੁਰੂ ਜੀ ਬਖਸ਼ਸ਼ ਕਰਨ ਅਤੇ ਉਨ੍ਹਾਂ ਦੀਆਂ ਨਾਮ ਬਾਣੀ ਵਿਚ ਬਤੀਤ ਕੀਤੀਆਂ ਘੜੀਆਂ ਦਾ ਸਦਕਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੀ ਧਰਮ-ਪਤਨੀ ਡਾਕਟਰ ਨਰਿੰਦਰਪਾਲ ਕੌਰ ਅਤੇ ਬੱਚਿਆਂ ਨੂੰ ਭਾਣਾ ਮੰਨਣ ਦਾ ਬਲ ਵੀ ਬਖਸ਼ਣ ਅਤੇ ਇਨ੍ਹਾਂ ਵਲੋਂ ਅਰੰਭੇ ਕਾਰਜ ਨੂੰ ਵੀ ਓਸੇ ਭਾਵਨਾ ਹੇਠ ਪੂਰਾ ਕਰਨ ਦਾ ਬਲ ਵੀ ਦਾਨ ਕਰਨ। —ਜਸਬੀਰ ਸਿੰਘ 'ਬੀਰ'

---

## ਭਾ: ਸਾ: ਰਣਧੀਰ ਸਿੰਘ ਗੁਰਮਤਿ ਵਿਦਿਆਲਾ

ਭਾਈ ਸਾਹਿਬ ਰਣਧੀਰ ਸਿੰਘ ਕੰਪਲੈਕਸ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਚ ਮੁਢਲੀਆਂ ਫੁਟਕਲ ਇਮਾਰਤਾਂ ਅਤੇ ਲੰਗਰ ਆਦਿ ਦੀ ਉਸਾਰੀ ਤੋਂ ਉਪਰੰਤ ਮੇਨ ਗੇਟ ਅਤੇ ਕੀਰਤਨ ਹਾਲ ਦੀ ਉਸਾਰੀ ਅਰੰਭ ਹੋ ਚੁੱਕੀ ਹੈ। ਅਤੇ ਸੰਗਤਾਂ ਨੂੰ ਇਹ ਜਾਣ ਕੇ ਹੋਰ ਵੀ ਪ੍ਰਸੰਨਤਾ ਹੋਵੇਗੀ ਕਿ ਟ੍ਰਸਟ ਦੇ ਪ੍ਰਬੰਧ ਹੇਠ ਇਸ ਅਸਥਾਨ ਤੇ ਕਾਇਮ ਹੋਏ ਗੁਰਮਤਿ ਸੰਚਾਰ ਕੇਂਦਰ ਵਿਖੇ ਪੁੰਗਰ ਰਹੀ ਪੰਥਕ ਪਨੀਰੀ ਦੇ ਲਾਭ ਉਠਾਉਣ ਹਿਤ, ਬੱਚਿਆਂ ਨੂੰ ਕੀਰਤਨ ਸਿਖਲਾਈ, ਗੁਰਬਾਣੀ ਦੇ ਸ਼ੁਧ ਪਾਠ/ਅਖੰਡਪਾਠ ਦੀ ਸਿਖਲਾਈ ਅਤੇ ਗੁਰਮਤਿ ਟ੍ਰੇਨਿੰਗ ਦੇ ਕੋਰਸ ੧੫ ਨਵੰਬਰ ੧੯੯੧ ਤੋਂ ਅਰੰਭ ਹੋ ਗਏ ਹਨ। ਦਿਲਚਸਪੀ ਰੱਖਣ ਵਾਲੇ ਸੱਜਣ 'ਸਕੱਤ੍ਰ', ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ੨੩-ਜੀ, ਸਰਾਭਾ ਨਗਰ ਲੁਧਿਆਣਾ ਨਾਲ ਸੰਪਰਕ ਕਰਨ। ਇਹ ਸਾਰੇ ਕਾਰਜ ਸੰਗਤਾਂ ਦੀ ਸਹਾਇਤਾ ਤੇ ਸਹਿਯੋਗ ਨਾਲ ਹੀ ਸਿਰੇ ਚੜ੍ਹ ਰਹੇ ਹਨ।

ਪ੍ਰਧਾਨ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

---

### 'ਸੂਰਾ' ਦੇ ਚੰਦੇ

ਪਰਦੇਸ ਦਾ ਡਾਕ ਖ਼ਰਚ ੮-੧੧-੯੧ ਤੋਂ ਵਧ ਗਿਆ ਹੈ ਤੇ ਲਗ ਪਗ ਦੂਣਾ ਹੋ ਗਿਆ ਹੈ। ਭਾਰਤ ਵਿਚ ਵੀ ਮਹਿੰਗਾਈ ਵਧੀ ਜਾਣ ਅਤੇ ਜਨਵਰੀ 92 ਤੋਂ 'ਸੂਰਾ' ਦੇ ਕੁਝ ਸਫ਼ੇ ਵਧਾਏ ਜਾ ਰਹੇ ਕਾਰਨ, ਹੁਣ ਤੋਂ ਚੰਦੇ ਹੇਠ ਲਿਖੇ ਅਨੁਸਾਰ ਹੋਣਗੇ—

| | | | |
|---|---|---|---|
| ਦੇਸ ਸਾਲਾਨਾ ਚੰਦਾ | 30-00 | ਅਮਾਨਤੀ ਲਾਈਫ ਮੈਂਬਰ | 250-00 |
| ਪਰਦੇਸ ,, ,, (ਸਮੁਦਰੀ ਡਾਕ) | 80-00 | ਹਵਾਈ ਡਾਕ | 250-00 |
| ਪਰਦੇਸ ਅਮਾਨਤੀ ਲਾਈਫ ਮੈਂਬਰ | 800-00 | ,, ,, | 2000-00 |

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ,੧੦ ਚਿਤਰ ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੫੦ |
| ਕੇਸਕੀ (ਦਸਤਾਰ) | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੨-੦੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧-੦੦ |
| Dawn of Divine wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੨-੦੦ |

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਭਾਈ ਸੁਰਿੰਦਰ ਸਿੰਘ ਗੋਬਿੰਦ ਨਿਵਾਸ ਨੋਨੂਡੀਰ | ੨੦੦-੦੦ |
| ਭਾਈ ਬਖਸ਼ੀਸ਼ ਸਿੰਘ ਬਟਾਲਾ | ੫੦੦-੦੦ |
| ਭਾਈ ਮਹਿੰਦਰ ਸਿੰਘ ਮਸਕਟ ਵਾਲੇ | ੫੦੦-੦੦ |
| ਗੁਪਤ ਸੇਵਾ | ੫੦੦-੦੦ |
| ਸ: ਅਜੀਤ ਸਿੰਘ ਸਾਊਥਾਲ ਯੂ.ਕੇ. | ੧੮੨੦-੦੦ |
| ਸ: ਸਤਿੰਦਰ ਸਿੰਘ ਸਾਊਥਾਲ „ „ | ੫੨੧੦-੦੦ |
| ਬੀਬੀ ਸੁਰਿੰਦਰ ਕੌਰ ਹੇਜ਼ „ „ | ੩੪੧੦-੦੦ |
| ਭਾਈ ਪ੍ਰਿਥੀ ਸਿੰਘ ਹੈਸਟਨ „ „ | ੧੧੦੦-੦੦ |
| ਐਸ.ਐਸ. 'ਤਖਰ' ਸਲੋਅ (ਬੱਚੇ ਦੇ ਅਨੰਦ ਸਮੇਂ) | ੧੨੧੦-੦੦ |
| ਗੁਪਤ ਸੇਵਾ ਸਲੋਅ | ੪੦੦੦-੦੦ |
| ਸ: ਜਸਮੇਲ ਸਿੰਘ ਸਲੋਅ ਯੂ.ਕੇ | ੪੬੦੦-੦੦ |
| ਬੀਬੀ ਰਤਨ ਕੌਰ ਸਲੋਅ „ „ | ੭੫੦-੦੦ |
| ਭਾਈ ਇੰਦਰਪਾਲ ਸਿੰਘ ਗਰੇਵਾਲ ਮੇਡਨ ਹੈਡ ਵਾਲੇ (ਮਾਤਾ ਜੀ ਦੇ ਸਮਾਗਮ ਸਮੇਂ ਭਟ) | ੨੪੫੦-੦੦ |
| ਸਾਧ ਸੰਗਤ ਬ੍ਰੈਡਫੋਰਡ ਯੂ.ਕੇ | ੯੪੧੦-੦੦ |
| ਬੀਬੀ ਮਹਿੰਦਰ ਕੌਰ ਹੰਸਲੋਅ ਯੂ.ਕੇ | ੯੧੦੦-੦੦ |
| ਭਾਈ ਅਮਰਜੀਤ ਸਿੰਘ ਬ੍ਰੈਡਫੋਰਡ ਯੂ.ਕੇ | ੪੧੦੦-੦੦ |
| ਬੀਬੀ ਬਲਬੀਰ ਕੌਰ ਅਤੇ ਹੋਰ ਬੀਬੀਆਂ, ਚੈਟਮ | ੨੧੫੦-੦੦ |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ਯੂ. ਕੇ | ੨੧੫੦-੦੦ |
| ਸ: ਜਸਪਾਲ ਸਿੰਘ ਟਵਿਕਨਹੈਗ „ „ | ੨੪੦੦-੦੦ |
| ਸ: ਅਜਮੇਰ ਸਿੰਘ ਸੂਸ | ੫੦-੦੦ |
| ਖਾਲਸਾ ਪ੍ਰਵਾਰ ਸ਼ਿਮਲਾ(ਮਦਰਾਸੀ ਪ੍ਰਵਾਰ ਲਈ) | ੧੨੦੦-੦੦ |
| ਪ੍ਰਿੰਸੀਪਲ, ਸਟਾਫ਼ ਤੇ ਵਿਦਿਆਰਥੀ ਖਾਲਸਾ ਸੀਨੀਅਰ 'ਸੈਕੰਡਰੀ ਸਕੂਲ ਗੜ੍ਹਦੀਵਾਲਾ | ੧੧੦੧-੦੦ |
| ਸ: ਸਤਿੰਦਰ ਸਿੰਘ ਸਾਊਥਾਲ ਯੂ.ਕੇ | ੧੭੨੦-੦੦ |
| ਸ: ਹਰਦੇਵ ਸਿੰਘ ਢੰਡਾਰੀ ਕਲਾਂ | ੫੦੦-੦੦ |
| ਸ: ਕਪੂਰ ਸਿੰਘ ਢੰਡਾਰੀ ਕਲਾਂ | ੪੦੦-੦੦ |
| ਪਰਵਾਰ ਭਾਈ ਪਰਮਜੀਤ ਸਿੰਘ ਹੁਸ਼ਿਆਰਪੁਰ | ੫੧-੦੦ |
| ਗੁਪਤ ਸੇਵਾ ੪੫੦-੦੦ ਗੁਪਤ ਸੇਵਾ | ੪੦੦-੦੦ |
| ਭਾਈ ਇੰਦਰਜੀਤ ਸਿੰਘ ਕਪੂਰਥਲਾ | ੨੧-੦੦ |
| ਭਾਈ ਮਹਿੰਦਰ ਸਿੰਘ ਨੰਗਲ ਸ਼ਾਮਾਂ | ੧੦੦-੦੦ |
| ਬੀਬੀ ਤਰਲੋਦਨ ਕੌਰ ਆਦਮਪੁਰ | ੨੦੦-੦੦ |
| ਸ: ਅਜੀਤ ਸਿੰਘ ਕੈਰੋਂ | ੧੦੦-੦੦ |
| ਸ: ਪ੍ਰਿਤਪਾਲ ਸਿੰਘ ਆਦਮਪੁਰ | ੫੦੦-੦੦ |
| ਸ: ਉਜਾਗਰ ਸਿੰਘ ਜਲੰਧਰ | ੧੦੦-੦੦ |
| ਸ: ਮੋਹਨ ਸਿੰਘ ਬੁਲੋਵਾਲ | ੫੦੦-੦੦ |
| ਗੁਪਤ ਸੇਵਾ | ੧੦੧-੦੦ |
| ਸ: ਰਣਜੀਤ ਸਿੰਘ ਸੇਠੀ ਲੁਧਿਆਣਾ | ੧੦੦-੦੦ |
| ਗੁਪਤ ਸੇਵਾ | ੩੦੦-੦੦ |
| ਗੁਪਤ ਸੇਵਾ | ੩੦੦-੦੦ |
| ਸ: ਹਰਭਜਨ ਸਿੰਘ ਜਲੰਧਰ | ੫੦੦-੦੦ |
| ਸ: ਸਾਧੂ ਸਿੰਘ ਬਹਿਬਲਪੁਰ | ੩੦-੦੦ |
| ਸ: ਇਕਬਾਲ ਸਿੰਘ ਬਾਬਾ, ਵੈਸਟ ਜਰਮਨੀ | ੨੯੬੮-੦੦ |
| ਬੀ: ਬਲਬੀਰ ਕੌਰ ਜੁਬਲੀ ਭੁਜ-ਕਛ (ਪਤੀ ਦੀ ਯਾਦ ਵਿਚ) | ੨੫੧-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਕੁਲਦੀਪ ਕੌਰ ਮਾਤਾ ਭਾਈ ਬਖਸ਼ੀਸ਼ ਸਿੰਘ ਮੂਲੀਆਂ ਵਾਲ—ਪੁਤਰ ਲਾ-ਪਤਾ, ਨੂੰਹ ਚਲ ਵਸੀ, ਛੋਟੇ ਬੱਚੇ | ੫੦੦੦-੦੦ |
| ਬੀ: ਰਣਧੀਰ ਕੌਰ ਪਤਨੀ ਸ਼ਹੀਦ ਸਤਨਾਮ ਸਿੰਘ, ਭੂੰਬਲੀ—ਪਤੀ ਸ਼ਹੀਦ, ਬੱਚੇ ਛੋਟੇ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾ. ਬੱਗਾ ਸਿੰਘ ਸ੍ਰੀ ਗੰਗਾ ਨਗਰ—੨ ਪੁਤਰ ਸ਼ਹੀਦ, ੨ ਬਚੀਆਂ ਦੀ ਸ਼ਾਦੀ ਲਈ | ੧੦੦੦੦-੦੦ |
| ਬੀ: ਤਰਸੇਮ ਕੌਰ ਲੁਧਿਆਣਾ—ਭਰਾ ਜੇਲ੍ਹ, ਕੇਸ ਦੀ ਪੈਰਵੀ ਲਈ | ੫੦੦੦-੦੦ |
| ਸ: ਬੂਲਾ ਸਿੰਘ ਪੁਤਰ ਸ: ਪ੍ਰਕ ਸਿੰਘ ਖੁੱਡਾ—ਪੁਤਰ ਜੇਲ੍ਹ, ਕੇਸ ਦੀ ਪੈਰਵੀ ਲਈ | ੧੦੦੦੦-੦੦ |
| ਬੀ: ਨਰਿੰਦਰ ਕੌਰ ਮਾਤਾ ਸ਼ਹੀਦ ਗੁਰਮੇਲ ਸਿੰਘ ਅੰਮ੍ਰਿਤਸਰ—ਪੁਤਰ ਸ਼ਹੀਦ, ਬੱਚੀ ਦੀ ਸ਼ਾਦੀ ਲਈ | ੧੦੦੦੦-੦੦ |
| ਬੀ: ਸਿਮਰਨਜੀਤ ਕੌਰ ਪਤਨੀ ਭਾਈ ਦਲਬੀਰ ਸਿੰਘ ਪਿੰਡ ਬਾਲਾ ਚੱਕ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੮੦੦੦-੦੦ |

## ਸੂਰਾ ਮਾਸਕ ਪਤਰ ਨੂੰ ਪੁੱਜੀ ਸਹਾਇਤਾ

| | |
|---|---|
| ਖੀਪਾਲ ਸਿੰਘ ਵਿਲਮ ਸਲੋਅ | ੧੦੦-੦੦ |
| ਸ: ਸੁਖਵਿੰਦਰ ਸਿੰਘ ਅੰਮ੍ਰਿਤਸਰ | ੫੦੦-੦੦ |
| ਸ: ਮਹਿੰਦਰ ਸਿੰਘ ਮਸਕਟ ਵਾਲੇ | ੫੦੦-੦੦ |
| ਸ: ਜੇ. ਐਸ. ਕੁਲਾਰ ਅਰਲਿੰਗਟਨ ਯੂ.ਕੇ. | ੨੭੭-੦੦ |
| ਬੀਬੀ ਸੁਰਿੰਦਰ ਕੌਰ ਹੇਜ਼ ਯੂ.ਕੇ. | ੬੦੦-੦੦ |
| ਸ: ਜਸਵੰਤ ਸਿੰਘ ਰੰਧਾਵਾ ਸਲੋਅ ਯੂ.ਕੇ. | ੧੫੦-੦੦ |
| ਸ: ਬਚਨ ਸਿੰਘ ਮੰਡ ਕੁਲਾ (ਸਮਾਗਮ ਚੜ੍ਹਾਵਾ) | ੭੦-੦੦ |
| ਸ: ਸਵਰਨ ਸਿੰਘ ਚੰਡੀਗੜ੍ਹ (ਚੜ੍ਹਾਵਾ) | ੧੫੮-੦੦ |
| ਸ: ਗੁਰਚਰਨ ਸਿੰਘ ਨਾਰਵੇ | ੭੫੦-੦੦ |
| ਸ: ਜਸਵਿੰਦਰ ਸਿੰਘ ਸਾਊਥਾਲ ਯੂ.ਕੇ. | ੧੦੦-੦੦ |
| ਸ: ਸ਼ਮਸ਼ੇਰ ਸਿੰਘ ਸਿੰਘਪੁਰਾ | ੧੦੦-੦੦ |
| ਸ: ਗੁਰਦੇਵ ਸਿੰਘ ਬਰਿੰਗ ਲਸਿਸਟਰ ਯੂ,ਕੇ. | ੩੫੦-੦੦ |
| ਸ: ਅਜੀਤ ਸਿੰਘ ਕੈਰੋਂ | ੫੦-੦੦ |
| ਗੁਪਤ ਸੇਵਾ | ੨੦੦-੦੦ |
| ਸ: ਹਰਦਿਆਲ ਸਿੰਘ ਬੈਂਸ ਰਿਚਮੰਡ (ਕਨੇਡਾ) | ੯੦-੦੦ |
| ਭਾਈ ਹਰਜਿੰਦਰ ਸਿੰਘ ਖ਼ਾਲਸਾ ਦੇ ਬਲਾਕ ਲਈ | ੫੦-੦੦ |

www.AKJ.Org

# ਸ: ਹਰਜਿੰਦਰ ਸਿੰਘ ਜੀ ਖਾਲਸਾ ਚਲ ਵਸੇ

ਵੇਖੋ ਸਫਾ ੩੭



# ਲੁਧਿਆਣਾ ਵਿਖੇ ਦਸਮੇਸ਼ ਗੁਰਪੁਰਬ

10 ਤੋਂ 13 ਜਨਵਰੀ 1992, ਵੇਰਵਾ ਜਨਵਰੀ ਸੂਰਾ ਵਿਚ

## ਜੈਪੁਰ ਵਿਖੇ ਸਮਾਗਮ ੨੪ ਤੋਂ ੨੬ ਜਨਵਰੀ, ਵੇਰਵਾ ਜਨਵਰੀ

## ਬਠਿੰਡਾ ਵਿਖੇ ਸਮਾਗਮ ੨੩ ਤੋਂ ੨੬ ਜਨਵਰੀ,ਵੇਰਵਾ ਜਨਵਰੀ

## ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ ਪ੍ਰੋਗਰਾਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਯਾਦ ਵਿਚ

੧੨ ਦਸੰਬਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ੭ ਵਜੇ ਸ੍ਰੀ ਅਖੰਡ ਪਾਠ ਅਰੰਭ ਗੁ: ਮਾਤਾ ਸਾਹਿਬ ਕੌਰ, ਸ਼ਾਮ ੬ ਵਜੇ ਸੋਦਰ ਦੀ ਚੋਕੀ ਗੁ: ਚਰਨ ਕੰਵਲ, ੧੩ ਦਸੰਬਰ ਸ਼ਾਮ ਸੋਦਰ ਦੀ ਚੌਕੀ ਗੁ: ਨਾਨਕ ਸਤਸੰਗ ਸਭਾ, ਆਜ਼ਾਦ ਚੌਕ, ੧੪ ਦਸੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਤੇ ਦੁਪਹਿਰ ਤਕ ਕੀਰਤਨ ਗੁ: ਮਾਤਾ ਸਾਹਿਬ ਕੌਰ, ੧੪ ਦਸੰਬਰ ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰਦਵਾਰਾ ਚਰਨ ਕੰਵਲ, ੧੫ ਦਸੰਬਰ ਐਤਵਾਰ ਸਵੇਰੇ ੭ ਵਜੇ ਸਮਾਪਤੀ।

ਦਾਸਰੇ--ਅਖੰਡ ਕੀਰਤਨੀ ਜਥਾ, ਇਲਾਕਾ ਬੰਗਾ

## ਭਾਈ ਗੁਰਚਰਨਜੀਤ ਸਿੰਘ ਸ਼ਹੀਦ ਨਮਿਤ ਕਾਨਪੁਰ ਵਿਖੇ ਸਮਾਗਮ

੨੮ ਦਸੰਬਰ ਸ਼ਨੀਵਾਰ ਸਵੇਰੇ ਭੋਗ ਅਖੰਡ ਪਾਠ, ਉਪਰੰਤ ਕੀਰਤਨ, ਰਾਤ ਰੈਣ ਸਬਾਈ ਕੀਰਤਨ, ੨੦੧-ਸ਼ੰਕਰ ਨਗਰ, (*HAL* ਟਾਊਨਸ਼ਿਪ ਦੇ ਸਾਹਮਣੇ) ਨੇੜੇ ਜੀ.ਟੀ. ਰੋਡ, ਰਾਮਾ ਦੇਵੀ ਚੌਕ ਕਾਨਪੁਰ ਵਿਖੇ

ਗੋਖੂਵਾਲ (ਬਟਾਲਾ ਡੇਰਾ ਰੋਡ)ਹਰਦੇਵਸਿੰਘ, ੧੫.੧੨.੯੧ਸਵੇਰੇ ਭੋਗ ਅਖੰਡਪਾਠ, ਰਾਤ ਰੈਣ ਸਬਾਈ

ਬਸੀ ਪਠਾਣਾਂ,ਸ੍ਰੀ ਲਾਲ ਗੁਰਦਵਾਰਾ ਸਾਹਿਬ,ਧੋਬੀ ਮਹੱਲਾ ੧੧.੧੨..੯੧ ਰਾਤ ਰੈਣ ਸਬਾਈ ਕੀਰਤਨ

ਮਾਸਕ ਰੈਣ ਸਬਾਈ ਸਿੰਘ ਸਭਾ ਮਾਡਲ ਗਰਾਮ ਲੁਧਿਆਣਾ ਨੇੜੇ ਮਾਲਵਾ ਖਾਲਸਾ ਸਕੂਲ ੧੪ ਦਸੰਬਰ

ਜਲਾਲਪੁਰ ਨੇੜੇ ਬੇਗੋਵਾਲ, ਭਾ: ਅਵਤਾਰ ਸਿੰਘ, ੪.੧.੯੨ ਸਵੇਰੇ ਭੋਗ ਅਖੰਡਪਾਠ,ਰਾਤ ਰੈਣ ਸਬਾਈ

ਕੁਰਾਲਾ ਨੇੜੇ ਟਾਂਡਾ ਉੜਮੁੜ,ਭਾ: ਕਰਮ ਸਿੰਘ, ੨੧.੧੨.੯੧ ਭੋਗ ਅਖੰਡ ਪਾਠ ਤੇ ਰੈਣ ਸਬਾਈ

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) ਸੰਧ ਕੇ ਪੜ੍ਹੋ—ਲੋਕਲ ਪ੍ਰੋਗਰਾਮ 21.12.91 ਰੈਣ ਸਬਾਈ ਕੀਰਤਨ ਭਾਈ ਜਸਵੰਤ ਸਿੰਘ, 45-ਮੈਲਬੌਰਨ ਐਵਿਨਿਊ, ਸਲੌਅ, ਬਰਕਸ *SLI-3ED*, ਯੂ.ਕੇ.

(2) (ਲੋਕਲ ਪ੍ਰੋਗਰਾਮ) 26 ਤੋਂ 28 ਦਸੰਬਰ, ਬੀਬੀ ਜਗੀਰ ਕੌਰ ਭਾ: ਜੋਗਿੰਦਰ ਸਿੰਘ 117 *Hugh Road, Smethwick Birmingham* ਫੋਨ ਘਰ 021-558-726?, ਫੈਕਟਰੀ 021-565-3507

(3) (ਲੋਕਲ ਪ੍ਰੋਗਰਾਮ) 19 ਤੋਂ 21 ਦਸੰਬਰ ਸ੍ਰੀ ਅਖੰਡਪਾਠ, ਉਪਰੰਤ 21.1?. 1 ਨੂੰ ਗੁਰਦਵਾਰ ਗੁਰੂ ਹਰਿ ਰਾਏ, 128–130 ਹਾਈ ਸਟਰੀਟ ਵੈਸਟ ਬਰਾਮਵਿਚ ਵਿਖੇ ਸ: ਜ਼ੋਰਾਵਰ ਸਿੰਘ ਰਾਏ (80-ਗਿਬਸਨ ਰੋਡ, ਹੈਂਡਜ਼ਵਰਥ, ਬਰਮਿੰਘਮ) ਦੀ ਬੱਚੀ ਦਾ ਅਨੰਦ ਕਾਰਜ, ਫ਼ੋਨ 021-554-5532

ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-267900)

Bhai Gurnam Singh, 10-Lambourne Gardens, Earley Reading, Berks U.K.

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.org